# ਕੈਨੇਡਾ ਦਰਪਣ

ਸਤੰਬਰ 19, 1986

**September 19, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

# ਕੈਨੇਡਾ ਦਰਪਣ

The Canada Darpan

Punjabi Weekly Newspaper

Weekending September 19, 1986 Vol. 5 No. 36 Price 35¢ Out of Greater Vancouver 50¢ Ph. (604)581-4473

**Christopher Trower & Company**

Barristers & Solicitors

■ Personal Injury ■ Corporate

■ Commercial ■ Real Estate

● ਪਰਸਨਲ ਇਨਜਰੀ ● ਕਾਰਪੋਰੇਟ ● ਕਮਰਸ਼ਲ

● ਰੀਅਲ ਇਸਟੇਟ ਲਈ ਯਾਦ ਰੱਖੋ

**Christopher M. Trower**

Barrister & Solicitor

Ph. (604) 683-5781

801 - 409 Granville St. United Kingdom Building, Vancouver, B.C. V6C 1T2

# ਜਨਰਲ ਭੁੱਲਰ ਦੇ ਗ੍ਰਿਫਤਾਰੀ ਵਾਰੰਟ ਜਾਰੀ

## ਅਮਰੀਕਾ ਦੀ ਪੁਲਸ ਸਰਗਰਮ

ਨਵੀਂ ਦਿੱਲੀ — 'ਸਟੇਟਸਮੈਨ' ਅਖਬਾਰ ਦੀ ਖਬਰ ਅਨੁਸਾਰ ਅਮਰੀਕਾ ਸਰਕਾਰ ਨੇ ਜਨਰਲ ਭੁੱਲਰ ਦੇ ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿਤੇ ਹਨ। ਜਨਰਲ ਭੁੱਲਰ ਨੂੰ ਕੋਰਟ ਵਲੋਂ ਹੁਕਮ ਦਿਤਾ ਗਿਆ ਸੀ ਕਿ ਉਹ 31 ਅਗਸਤ ਤੱਕ ਅਮਰੀਕਾ ਛੱਡ ਜਾਣ ਪਰ 31 ਅਗਸਤ ਤੋਂ ਪਿਛੋਂ ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਇਸ ਸਾਬਕਾ ਸੈਕਟਰੀ ਦਾ ਕੋਈ ਥੁਹ ਪਤਾ ਨਹੀਂ ਲਗ ਰਿਹਾ।



ਯਾਦ ਰਹੇ ਕਿ ਸਾਬਕਾ ਜਨਰਲ ਭੁੱਲਰ 1984 ਵਿਚ ਨੀਲਾ ਤਾਰਾ ਉਪਰੇਸ਼ਨ ਤੋਂ ਪਹਿਲਾਂ ਇਗਲੈਂਡ ਪਹੁੰਚ ਗਏ ਸਨ। ਫਿਰ ਕੈਨੇਡਾ ਪਹੁੰਚੇ ਅਤੇ ਫਿਰ ਅਮਰੀਕਾ ਚਲੇ ਗਏ। ਕੈਨੇਡਾ ਸਰਕਾਰ ਨੇ ਇਨ੍ਹਾਂ ਦੇ ਦਾਖਲੇ ਉਤੇ ਪਾਬੰਦੀ ਲਾ ਦਿਤੀ ਸੀ। ਅਮਰੀਕਾ ਵਿਚ ਰਹਿੰਦਿਆਂ ਇਨ੍ਹਾਂ ਵਰਲਡ ਸਿੱਖ ਆਰਗੇਨਾਈਜੇਸ਼ਨ ਦੀ ਸਥਾਪਤੀ ਕੀਤੀ ਅਤੇ ਉਸਦੇ ਜਨਰਲ ਸਕੱਤਰ ਥਾਪੇ ਗਏ। ਬਾਅਦ ਵਿਚ ਇਸ ਆਰਗੇਨਾਈਜੇਸ਼ਨ ਵਿਚ ਫੁੱਟ ਪੈਣ ਕਾਰਨ ਇਨ੍ਹਾਂ ਦੀ ਪੁਜ਼ੀਸ਼ਨ ਨੂੰ ਕਾਫੀ ਧੱਕਾ ਲੱਗਾ। ਆਖਰ ਜਨਰਲ ਭੁੱਲਰ ਦਾ ਵੀਜ਼ਾ ਖਤਮ ਕਰ ਦਿਤਾ ਗਿਆ ਅਤੇ ਕੋਰਟ ਨੇ ਹੁਕਮ ਦਿਤਾ ਕਿ ਉਹ ਆਪਣੇ ਆਪ ਅਮਰੀਕਾ ਛੱਡ ਜਾਣ। ਅਮਰੀਕਾ ਦੀ ਪੁਲਸ ਉਨ੍ਹਾਂ ਦੀ ਸਰਗਰਮੀ ਨਾਲ ਭਾਲ ਕਰ ਰਹੀ ਦੱਸੀ ਜਾਂਦੀ ਹੈ।

## ਬੇਨਜ਼ੀਰ ਭੁੱਟੋ ਰਿਹਾ ਕਰ ਦਿਤੀ ਗਈ

### 225 ਸਾਥੀ ਵੀ ਬਾਹਰ ਆ ਗਏ

ਕਰਾਚੀ — ਪਾਕਿਸਤਾਨ ਦੀ ਵਿਰੋਧੀ ਨੇਤਾ ਮਿਸ ਬੇਨਜ਼ੀਰ ਭੁੱਟੋ ਸੋਮਵਾਰ ਨੂੰ ਰਿਹਾ ਕਰ ਦਿਤੀ ਗਈ। ਮੰਗਲਵਾਰ ਨੂੰ ਬੇਨਜ਼ੀਰ ਨੇ ਐਲਾਨ ਕੀਤਾ ਕਿ ਉਹ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਸਲਾਹ ਮਸ਼ਵਰਾ ਕਰੇਗੀ [illegible] ਅਤੇ ਡਿਕਟੇਟਰਸ਼ਿਪ ਖਤਮ ਕਰਨ ਲਈ ਕਦਮ ਚੁਕੇ ਜਾ ਸਕਣ।

ਬੇਨਜ਼ੀਰ ਭੁੱਟੋ ਨੇ ਕਿਹਾ ਕਿ ਸਾਰੀਆਂ ਵਿਰੋਧੀਆਂ ਪਾਰਟੀਆਂ ਨੂੰ ਇਕ ਪਲੇਟਫਾਰਮ ਤੇ ਲਿਆ ਕੇ ਅੱਗੇ ਕਦਮ ਚੁਕੇ ਜਾਣਗੇ।

## ਸਰੀ ਦੇ ਮੇਅਰ ਡੌਨ ਰੌਸ



ਸ੍ਰੀ ਕੁਲਦੀਪ ਬਸਰਾਂ ਨਾਲ। ਮਿ: ਰੌਸ ਨੌਰਥ ਸਰੀ ਤੋਂ ਅਸੈਂਬਲੀ ਲਈ ਚੋਣ ਲੜ ਰਹੇ ਹਨ।

## ਬਾਦਲ ਅਤੇ ਟੌਹੜਾ ਰਿਹਾ ਕਰ ਦਿਤੇ

### ਕੇਂਦਰ ਸਰਕਾਰ ਨਾਲ ਸੌਦੇ ਬਾਰੇ ਅਫਵਾਹਾਂ ਗਰਮ?

ਨਵੀਂ ਦਿੱਲੀ — ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੇ ਸਾਬਕਾ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੂੰ ਜੱਜ ਨੇ ਕਲ੍ਹ ਰਿਹਾ ਕਰ ਦਿਤਾ। ਉਨ੍ਹਾਂ ਦਾ ਰੀਮਾਂਡ ਪਹਿਲਾਂ 10 ਸਤੰਬਰ ਤੱਕ ਲੈ ਲਿਆ ਸੀ। ਕੱਲ੍ਹ ਪੇਸ਼ੀ ਸਮੇਂ ਜੱਜ ਨੇ ਕਿਹਾ ਕਿ ਉਨ੍ਹਾਂ ਉਪਰ 30 ਦਿਨ ਦੀ ਪਾਬੰਦੀ ਖਤਮ ਹੋ ਗਈ ਹੈ ਇਸ ਲਈ ਉਨ੍ਹਾਂ ਨੂੰ ਰਿਹਾ ਕੀਤਾ ਜਾਂਦਾ ਹੈ।

ਰਾਜਧਾਨੀ ਵਿਚ ਇਹ ਅਫਵਾਹ ਗਰਮ ਹੈ ਕਿ ਬਾਦਲ ਅਤੇ ਟੌਹੜੇ ਨੂੰ ਕੇਂਦਰੀ ਸਰਕਾਰ ਦੇ ਏਲਚੀ ਜੇਲ੍ਹ ਵਿਚ ਮਿਲਦੇ ਰਹੇ। ਇਹ ਵੀ ਕਿਹਾ ਜਾਂਦਾ ਹੈ ਕਿ ਬਾਦਲ ਅਤੇ ਟੌਹੜੇ ਨੇ ਇਨ੍ਹਾਂ ਏਲਚੀਆਂ ਨੂੰ ਭਰੋਸਾ ਦਿਤਾ ਹੈ ਕਿ ਪੰਜਾਬ ਵਿਚ ਕਤਲੋਗਾਰਤ ਬੰਦ ਹੋ ਸਕਦੀ ਹੈ ਜੇਕਰ ਜੋਧਪੁਰ ਵਿਚ ਬੰਦ ਕੈਦੀਆਂ ਅਤੇ ਸਿਮਰਨਜੀਤ ਸਿੰਘ ਮਾਨ ਨੂੰ ਰਿਹਾ ਕਰ ਦਿਤਾ ਜਾਵੇ।

ਰਾਜਸੀ ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਪੰਜਾਬ ਵਿਚ ਪਿਛਲੇ ਹਫਤੇ ਸ਼ਾਂਤੀ ਰਹਿਣ ਦਾ ਕਾਰਨ ਇਨ੍ਹਾਂ ਲੀਡਰਾਂ ਵਲੋਂ ਦਿਤਾ ਭਰੋਸਾ ਹੀ ਹੈ। ਇਹ ਵੀ ਪਤਾ ਲੱਗਾ ਹੈ ਕਿ ਦਹਿਸ਼ਤਪਸੰਦਾਂ ਵਲੋਂ 30 ਸਤੰਬਰ ਤੱਕ ਪੰਜਾਬ ਵਿਚ ਹਿੰਸਾ ਰੋਕ ਦਿਤੀ ਗਈ ਹੈ ਤਾਂਕਿ ਇਨ੍ਹਾਂ ਲੀਡਰਾਂ ਨਾਲ ਸਮਝੌਤਾ ਸਿਰੇ ਚੜ੍ਹ ਜਾਵੇ।

## ਮੁਕਤਸਰ ਬੱਸ ਕਾਂਡ ਦਾ ਦੋਸ਼ੀ ਫੜਿਆ

ਚੰਡੀਗੜ੍ਹ — ਮੁਕਤਸਰ ਲਾਗੇ ਬੱਸ ਵਿਚੋਂ ਕੱਢ ਕੇ ਮਾਰੇ ਗਏ 14 ਵਿਅਕਤੀਆਂ ਦੇ ਕਤਲ ਵਿਚ ਸ਼ਾਮਲ ਇਕ ਕਥਿਤ ਦੋਸ਼ੀ ਬਲਜੀਤ ਸਿੰਘ ਫੜਿਆ ਗਿਆ ਹੈ।

ROYAL new & used FURNITURE

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

● ਲਿਵਿੰਗ ਰੂਮ ● ਡਾਇਨਿੰਗ ਰੂਮ ● ਬੈਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

ਰੌਇਲ ਫਰਨੀਚਰ ਲਿਮ:

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ. (At 10th Ave. East)



ਪਾਲ ਤੂਰ

# ਜਨਰਲ ਵੈਦਿਆ ਦੇ ਕਤਲ ਵਿਚ ਪੁਸ਼ਪਿੰਦਰ ਸਿੰਘ ਦੀ ਭਾਲ

## 'ਪ੍ਰੋਵਿੰਸ' ਅਖਬਾਰ ਦਾ ਪ੍ਰਗਟਾਵਾ

**Police hunt for Vaidya killers**

Hindustan Times Correspondent

NEW DELHI, Aug. 19—An intensive hunt has been launched by the Delhi police for four dreaded terrorists, including Harjinder Singh alias Jinda, who are suspected to be involved in the assassination of the for-

IAN INSTITUTE OF
RIALS MANAGEMENT
ARODA BRANCH



Wanted for Gen Vaidya's killing: Pushpinder Singh, Sukhdev Singh and Gurinder Singh, who along with Jinda, are the main suspects in the Pune crime.

ਵੈਨਕੂਵਰ — 'ਪ੍ਰੋਵਿੰਸ' ਅਖਬਾਰ ਦੇ ਸਟਾਫ਼ ਰੀਪੋਰਟਰ ਸਲੀਮ ਜੀਵਾ ਅਨੁਸਾਰ ਪੁਲਸ ਪੁਸ਼ਪਿੰਦਰ ਸਿੰਘ ਨਾਂ ਦੇ ਵਿਅਕਤੀ ਦੀ ਭਾਲ ਵਿਚ ਹੈ ਜਿਸ ਉਤੇ ਸ਼ੱਕ ਕੀਤਾ ਜਾਂਦਾ ਹੈ ਕਿ ਉਹ ਰੀਟਾਇਰਡ ਜਨਰਲ ਵੈਦਿਆ ਦੇ ਕਤਲ ਵਿਚ ਸ਼ਾਮਲ ਸੀ। ਜਨਰਲ ਵੈਦਿਆ ਦਾ ਕਤਲ ਚਾਰ ਮੋਟਰ ਸਾਈਕਲ ਸਵਾਰਾਂ ਨੇ 10 ਅਗਸਤ ਨੂੰ ਪੂਨੇ ਵਿਚ ਕੀਤਾ।

ਅਖਬਾਰ ਨੇ ਲਿਖਿਆ ਹੈ ਕਿ ਪੁਸ਼ਪਿੰਦਰ ਸਿੰਘ ਅਜਿਹਾ ਵਿਅਕਤੀ ਹੈ ਜਿਸਨੇ ਕਈ ਨਾਂ ਰੱਖੇ ਹੋਏ ਹਨ। 26 ਸਾਲ ਦਾ ਇਹ ਵਿਅਕਤੀ ਆਪਣੇ ਆਪ ਨੂੰ ਮੋਹਨ ਇੰਦਰ ਸਿੰਘ ਸਚਦੇਵਾ ਵੀ ਦੱਸਦਾ ਰਿਹਾ ਹੈ। 1985 ਵਿਚ ਇਹ ਵਿਅਕਤੀ ਗੈਰ ਕਾਨੂੰਨੀ ਤੌਰ ਉਤੇ ਕੈਨੇਡਾ ਵਿਚ ਦਾਖਲ ਹੋਇਆ ਤੇ ਰੀਫੀਊਜ਼ੀ ਸਟੇਟਸ ਲਈ ਅਰਜ਼ੀ ਦਿਤੀ। ਪਿਛਲੇ ਤਿੰਨ ਮਹੀਨੇ ਤੋਂ ਪੁਸ਼ਪਿੰਦਰ ਸਿੰਘ ਕੈਨੇਡਾ ਵਿਚੋਂ ਲਾਪਤਾ ਹੈ।

ਜਨਰਲ ਵੈਦਿਆ ਨੀਲਾ ਤਾਰਾ ਉਪਰੇਸ਼ਨ ਸਮੇਂ ਫੌਜ ਦਾ ਕਮਾਂਡਰ ਸੀ ਅਤੇ ਉਸ ਸਮੇਂ ਤੋਂ ਅਤਿਵਾਦੀਆਂ ਦੀ ਹਿੱਟ ਲਿਸਟ ਉਤੇ ਸੀ। 10 ਅਗਸਤ ਨੂੰ ਪੂਨਾ ਵਿਚ ਉਸਦੀ ਉਸ ਸਮੇਂ ਹੱਤਿਆ ਕੀਤੀ ਗਈ ਜਦ ਉਹ ਆਪਣੀ ਪਤਨੀ ਨਾਲ ਕਾਰ ਵਿਚ ਜਾ ਰਿਹਾ ਸੀ।

ਵੈਦਿਆ ਉਤੇ ਹਮਲਾ ਕਰਨ ਵਾਲਿਆਂ ਵਿਚ ਚਾਰ ਵਿਅਕਤੀਆਂ ਦੇ ਨਾਂ ਲਏ ਜਾ ਰਹੇ ਹਨ। ਉਨ੍ਹਾਂ ਵਿਚ ਪੁਸ਼ਪਿੰਦਰ ਸਿੰਘ, ਹਰਜਿੰਦਰ ਸਿੰਘ ਬਨਾਮ ਜਿੰਦਾ, ਸੁਖਦੇਵ ਸਿੰਘ ਅਤੇ ਗੁਰਿੰਦਰ ਸਿੰਘ ਸ਼ਾਮਲ ਹਨ।

ਅਖਬਾਰ ਨੇ ਲਿਖਿਆ ਹੈ ਕਿ ਪੁਸ਼ਪਿੰਦਰ ਸਿੰਘ ਨਿਊਟਨ ਵਿਚ ਸਤਿੰਦਰਪਾਲ ਸਿੰਘ ਗਿੱਲ ਦੇ ਘਰ ਰਹਿੰਦਾ ਸੀ। ਸਤਿੰਦਰਪਾਲ ਸਿੰਘ ਗਿੱਲ ਪਾਕਿਸਤਾਨ ਵਿਚ ਫੜਿਆ ਹੋਇਆ ਹੈ ਅਤੇ ਉਸ ਉਤੇ ਲਾਹੌਰ ਵਿਚ ਦੋ ਕੇਸ ਚਲ ਰਹੇ ਹਨ।

ਪੁਸ਼ਪਿੰਦਰ ਸਿੰਘ ਫੈਡਰੇਸ਼ਨ ਨਾਲ ਸਬੰਧਤ ਦੱਸਿਆ ਗਿਆ ਹੈ ਅਤੇ ਉਸ ਕੋਲ ਕੈਨੇਡੀਅਨ ਪਾਸਪੋਰਟ ਹੈ। ਕੈਨੇਡੀਅਨ ਸੂਤਰਾਂ ਅਨੁਸਾਰ ਪੁਸ਼ਪਿੰਦਰ ਸਿੰਘ ਕੈਨੇਡਾ ਤੋਂ ਅਮਰੀਕਾ ਗਿਆ ਅਤੇ ਉਥੋਂ ਬੰਗਕੋਕ ਰਾਹੀਂ ਭਾਰਤ ਪਹੁੰਚਿਆ।

ਭਾਰਤੀ ਸੂਤਰਾਂ ਅਨੁਸਾਰ ਪੁਸ਼ਪਿੰਦਰ ਸਿੰਘ ਕਈ ਨਾਂ ਵਰਤਦਾ ਹੈ ਜਿਨ੍ਹਾਂ ਵਿਚ ਮੋਹਨਇੰਦਰ, ਰਾਮ ਕੁਮਾਰ, ਜਸਬੀਰ ਸਿੰਘ, ਨਰਿੰਦਰ ਸਿੰਘ ਆਦਿ ਸ਼ਾਮਲ ਹਨ।

ਪੁਲਸ ਅਨੁਸਾਰ ਪੁਸ਼ਪਿੰਦਰ ਸਿੰਘ 1984 ਵਿਚ ਇੰਗਲੈਂਡ ਅਤੇ ਫਿਲਪੀਨਜ਼ ਵਿਚ ਰਿਹਾ। ਫਿਰ ਉਹ ਮੈਕਸੀਕੋ ਪਹੁੰਚਿਆ ਉਥੋਂ ਅਮਰੀਕਾ ਵਿਚ ਖਿਸਕ ਆਇਆ ਅਤੇ ਫਿਰ ਗੈਰਕਾਨੂੰਨੀ ਤੌਰ 'ਤੇ ਸਰਹੱਦ ਪਾਰ ਕਰਕੇ ਬੀ. ਸੀ. ਵਿਚ ਪਹੁੰਚਿਆ।

ਪੁਲਸ ਨੇ ਪੁਸ਼ਪਿੰਦਰ ਸਿੰਘ ਨੂੰ ਸਰੀ ਦੇ ਇਕ ਅਖਬਾਰ ਉਤੇ ਬੰਬ ਚਲਾਉਣ ਦੀ ਕੋਸ਼ਿਸ਼ ਦੇ ਮੁਆਮਲੇ ਵਿਚ ਪੁਛਗਿਛ ਵੀ ਕੀਤੀ ਸੀ।

ਕੁਝ ਸੂਤਰਾਂ ਨੇ ਇਹ ਵੀ ਦੱਸਿਆ ਹੈ ਕਿ ਉਹ ਇਥੇ ਕੁਝ ਸਮਾਂ ਇਕ ਗੁਰਦੁਆਰੇ ਵਿਚ ਵੀ ਰਿਹਾ।

ਮਨਮੋਹਨ ਸਿੰਘ, ਜੋ ਆਪਣੇ ਆਪ ਨੂੰ ਫੈਡਰੇਸ਼ਨ ਦਾ ਬੁਲਾਰਾ ਕਹਿੰਦਾ ਹੈ, ਨੇ ਅਖਬਾਰ ਨੂੰ ਦੱਸਿਆ ਕਿ ਪੁਸ਼ਪਿੰਦਰ ਸਿੰਘ ਭਾਰਤੀ ਏਜੰਟਾਂ ਨੇ ਨਿਸ਼ਾਨਾ ਮਿਥਿਆ ਹੋਇਆ ਹੈ। ਉਸਨੇ ਕਿਹਾ ਕਿ ਇਹ ਸਿੱਖਾਂ ਨੂੰ ਬਦਨਾਮ ਕਰਨ ਲਈ ਕੀਤਾ ਜਾ ਰਿਹਾ ਪ੍ਰਾਪੇਗੰਡਾ ਹੈ।

ਪੁਸ਼ਪਿੰਦਰ ਸਿੰਘ ਪਿਛਲੇ ਤਿੰਨ ਮਹੀਨੇ ਤੋਂ ਲਾਪਤਾ ਹੈ ਅਤੇ ਪੁਲਸ ਉਸਦੀ ਸਰਗਰਮੀ ਨਾਲ ਭਾਲ ਕਰ ਰਹੀ ਹੈ।

# ਜੰਮੂ ਕਸ਼ਮੀਰ ਵਿਚ ਰਾਸ਼ਟਰਪਤੀ ਰਾਜ ਲਾਗੂ

ਸ੍ਰੀ ਨਗਰ — ਵਿਧਾਨ ਦੀ ਧਾਰਾ 356 ਅਧੀਨ ਜੰਮੂ ਕਸ਼ਮੀਰ ਸੂਬੇ ਵਿਚ ਛੇ ਮਹੀਨੇ ਲਈ ਰਾਸ਼ਟਰਪਤੀ ਰਾਜ ਲਾਗੂ ਕਰ ਦਿਤਾ ਗਿਆ ਹੈ। ਰਾਸ਼ਟਰਪਤੀ ਰਾਜ 7 ਸਤੰਬਰ ਨੂੰ ਦੁਬਾਰਾ ਲਾਗੂ ਕਰ ਦਿਤਾ ਗਿਆ। ਸੂਬੇ ਦੀ ਅਸੈਂਬਲੀ ਉਸ ਤਰ੍ਹਾਂ ਕਾਇਮ ਹੈ ਪਰ ਕੋਈ ਪਾਰਟੀ ਵੀ ਰਾਜ ਚਲਾਉਣ ਦੇ ਸਮਰੱਥ ਨਜ਼ਰ ਨਹੀਂ ਆਉਂਦੀ। ਸੂਬੇ ਦੇ ਰਾਜਪਾਲ ਸ੍ਰੀ ਜਗਮੋਹਨ ਦੀ ਸਿਫਾਰਸ਼ ਉਤੇ ਰਾਸ਼ਟਰਪਤੀ ਰਾਜ ਲਾਗੂ ਕਰ ਦਿਤਾ ਗਿਆ।

## ਈਰਾਨ-ਇਰਾਕ ਦੇ ਇਕ ਦੂਜੇ ਤੇ ਹਮਲੇ

*ਬਗਦਾਦ–ਇਰਾਕ ਵਲੋਂ ਦਾਅਵਾ ਕੀਤਾ ਗਿਆ ਹੈ ਕਿ ਉਸ ਨੇ ਕਲ੍ਹ ਮੇਹਰਾਨ ਖੇਤਰ ਵਿਚ ਈਰਾਨ ਦੇ ਤੋਪਖਾਨੇ ਅਤੇ ਹਵਾਈ ਜਹਾਜ਼ਾਂ ਰਾਹੀਂ ਕੀਤੇ ਗਏ ਹਮਲੇ ਪਛਾੜ ਦਿਤੇ ਅਤੇ ਉਨ੍ਹਾਂ ਦਾ ਇਰਾਕੀ ਟਿਕਾਣਿਆਂ ਵਲ ਵਧਣਾ ਰੋਕ ਦਿਤਾ ਗਿਆ। ਈਰਾਨ ਦੀਆਂ ਫੌਜਾਂ ਢੋਣ ਵਾਲੀਆਂ 65 ਗੱਡੀਆਂ ਤਬਾਹ ਕਰ ਦਿਤੀਆਂ ਗਈਆਂ। ਇਰਾਕ ਵਲੋਂ ਹੋਰ ਕਿਹਾ ਗਿਆ ਹੈ ਕਿ ਉਸ ਦੇ ਹਵਾਈ* [illegible]

# ਪੰਜਾਬ ਦੇ ਲੋਕ ਸ਼ਾਂਤੀ ਸਥਾਪਤ ਕਰਨ ਦੇ ਚਾਹਵਾਨ — ਬਰਨਾਲਾ

ਫਗਵਾੜਾ — ਪੰਜਾਬ ਦੇ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਇਥੇ ਇਕ ਪਬਲਿਕ ਜਲਸੇ ਵਿਚ ਬੋਲਦਿਆਂ ਕਿਹਾ ਕਿ ਪੰਜਾਬ ਦੇ ਲੋਕ ਅਮਨ ਦੇ ਇਛਕ ਹਨ ਅਤੇ ਸਾਂਝੀ ਭਾਈਚਾਰੇ ਦੀ ਬਿਹਤਰੀ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਦਹਿਸ਼ਤਪਸੰਦਾਂ ਵਿਰੁੱਧ ਲੜਨ ਲਈ ਪੰਜਾਬ ਦੇ ਲੋਕ ਇਕ ਮੁੱਠ ਹੋ ਰਹੇ ਹਨ।

ਸ. ਬਰਨਾਲਾ ਇਥੇ ਰਾਜ ਵਿਚ ਪਹਿਲੀ ਸ਼ਾਂਤੀ ਤੇ ਭਾਈਚਾਰਾ ਕਾਨਫਰੰਸ ਨੂੰ ਸੰਬੋਧਤ ਕਰਨ ਆਏ ਸਨ। ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਦੇ ਪਹਿਲੇ ਵੱਡੇ ਇਕੱਠ ਵਿਚ ਹਜ਼ਾਰਾਂ ਲੋਕ ਸ਼ਾਮਲ ਸਨ। ਮਾਰਕਸੀ ਕਮਿਊਨਿਸਟ ਪਾਰਟੀ, ਸ਼੍ਰੋਮਣੀ ਅਕਾਲੀ ਦਲ, ਸੀ. ਪੀ. ਆਈ. ਭਾਰਤੀ ਜਨਤਾ ਪਾਰਟੀ, ਜਨਤਾ ਪਾਰਟੀ ਦੇ ਨੁਮਾਇੰਦਿਆਂ ਨੇ ਵੀ ਰੈਲੀ ਨੂੰ ਸੰਬੋਧਤ ਕੀਤਾ।

ਸ. ਬਰਨਾਲਾ ਨੇ ਕਿਹਾ ਕਿ ਪੰਜਾਬ ਵਿਚ ਗੜਬੜ ਫੈਲਾਉਣ ਵਾਲਾ ਅਨਸਰ ਲੋਕਾਂ ਨਾਲੋਂ ਕੱਟਿਆ ਗਿਆ ਹੈ। ਪੰਜਾਬ ਦੇ ਲੋਕ ਸ਼ਾਂਤੀ ਅਤੇ ਅਮਨ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਬਾਕੀ ਦੇ ਸਾਰੇ ਮਾਮਲੇ ਅਜੇ ਪਿਛੇ ਪਾ ਦਿਤੇ ਗਏ ਹਨ। ਜਿਨਾਂ ਚਿਰ ਦਹਿਸ਼ਤਵਾਦ ਨੂੰ ਜੜ੍ਹਾਂ ਤੋਂ ਨਹੀਂ ਉਖੇੜਿਆ ਜਾਂਦਾ ਉਨਾ ਚਿਰ ਪੰਜਾਬ ਵਿਚ ਅਮਨ ਹੋਣਾ ਸੰਭਵ ਨਹੀਂ।

ਰਾਜ ਦੇ ਖਜ਼ਾਨਾ ਮੰਤਰੀ ਬਲਵੰਤ ਸਿੰਘ ਨੇ ਕਿਹਾ ਕਿ ਲੋਕਾਂ ਨੂੰ ਚਾਹੀਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਿਚ ਫੁੱਟ ਪਾਉਣ ਵਾਲੇ ਅਨਸਰਾਂ ਤੋਂ ਸੁਚੇਤ ਰਹਿਣ।

# ਦਿੱਲੀ ਵਿਚ ਪਾਕਿਸਤਾਨੀ ਫੜਿਆ ਗਿਆ

ਨਵੀਂ ਦਿੱਲੀ — ਇਥੇ ਲਾਹੌਰ ਦਾ ਰਹਿਣ ਵਾਲਾ ਇਕ ਪਾਕਿਸਤਾਨੀ ਸਲੀਮ ਗਿੱਲ ਮਿਲਟਰੀ ਛਾਉਣੀ ਲਾਗਿਓਂ ਫੜਿਆ ਗਿਆ। ਜਾਸੂਸੀ ਦੇ ਦੋਸ਼ ਅਧੀਨ ਉਸਨੂੰ ਗ੍ਰਿਫਤਾਰ ਕੀਤਾ ਗਿਆ ਹੈ।

# ਤ੍ਰੀਪੁਰਾ ਵਿਚ 19 ਅਤਿਵਾਦੀ ਫੜੇ

ਅਗਰਤਲਾ — ਤ੍ਰੀਪੁਰਾ ਪੁਲਸ ਨੇ 19 ਵਿਅਕਤੀ ਹਿਰਾਸਤ ਵਿਚ ਲੈ ਲਏ ਹਨ। ਪਿਛਲੇ ਹਫਤੇ 14 ਵਿਅਕਤੀਆਂ ਦੇ ਕਤਲਾਂ ਦੇ ਦੋਸ਼ ਵਿਚ ਇਹ ਅਤਿਵਾਦੀ ਫੜੇ ਗਏ ਹਨ। ਇਹ ਸੂਚਨਾ ਦਿੰਦਿਆਂ ਗ੍ਰਹਿਮੰਤਰੀ ਨੇ ਸੂਬਾ ਅਸੈਂਬਲੀ ਵਿਚ ਕਿਹਾ ਕਿ ਅਤਿਵਾਦ ਬਰਦਾਸ਼ਤ ਨਹੀਂ ਕੀਤਾ ਜਾਵੇਗਾ।


ਕੀ ਤੁਹਾਨੂੰ ਕੋਈ ਬੀਮਾਰੀ ਹੈ, ਜਿਸਦਾ ਇਲਾਜ਼ ਨਹੀਂ ਹੋ ਸਕਿਆ?

ਇੱਕ ਰਸਤਾ ਹੋਰ ਹੈ :

**ਹਿਪਨੋਥੈਰੇਪੀ**

ਦਮਾਂ, ਦਰਦ, ਨਸ਼ਾ, ਵਜ਼ਨ, ਦਿਮਾਗੀ ਚਿੰਤਾ, ਕਰੋਧ, ਬਲੱਡ ਪਰੈਸ਼ਰ, ਗੁਪਤ ਬੀਮਾਰੀਆਂ ਜਾਂ ਕੋਈ ਵੀ ਗੰਭੀਰ ਰੋਗ ਹੋਵੇ, ਸਭ ਦਾ ਸ਼ਰਤੀਆਂ ਇਲਾਜ਼ !! (ਬਿਨਾਂ ਦਵਾਈਆਂ ਦਾ ਪ੍ਰਯੋਗ ਕੀਤਿਆਂ)

ਇਸ ਤੋਂ ਇਲਾਵਾ

ਯਾਦਦਾਸ਼ਤ ਵਧਾਉਣੀ, ਦਿਲ ਦੇ ਦੌਰੇ ਦਾ ਇਲਾਜ਼, ਡਰ ਭੈ ਤੋਂ ਛੁਟਕਾਰਾ ਜਾਂ ਬੱਚਿਆਂ ਦੀ ਰੁਚੀ ਗ਼ਲਤ ਪਾਸੇ ਤੋਂ ਹਟਾ ਕੇ ਪੜ੍ਹਨ ਵੱਲ ਲਗਾਉਣੀ ਆਦਿ : ਅਤੇ ਜ਼ਿੰਦਗੀ 'ਚ ਨਵੇਂ ਉਤਸ਼ਾਹ ਪੈਦਾ ਕਰਨ ਵਾਸਤੇ

**ਪ੍ਰਕਾਸ਼ ਬਸਰਾਂ** ਨੂੰ ਫ਼ੋਨ ਕਰੋ

(403) 791-5105/2571

ਐਡਮਿੰਟਨ ਵੀ ਮਿਲਿਆ ਜਾ ਸਕਦਾ ਹੈ, ਸੰਪਰਕ ਪੈਦਾ ਕਰਕੇ (ਸਿਰਫ਼ ਵੀਕਐਂਡ ਤੇ ਹੀ)



**DOSANJH & PIRANI**

#202 - 5887 Victoria Drive, Vancouver, B.C. V5P 3W5

Phone 327-6381

- ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ
- ਜ਼ਮੀਨ ਖ਼ਰੀਦਣ ਤੇ ਵੇਚਣ ਦੇ ਕਾਗਜ਼ਾਤ
- ਵਿਉਪਾਰਕ ਮਸਲੇ
- ਪ੍ਰਵਾਰ ਤੇ ਤਲਾਕ
- ਫੌਜਦਾਰੀ ਤੇ ਸਿਵਲ
- ਕੋਰਟ ਟਰਾਇਲ

**ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ**

# ਕਰਾਚੀ ਵਿਚ ਅਮਰੀਕਨ ਜਹਾਜ਼ ਅਗਵਾ

## 20 ਮਾਰੇ ਗਏ ; 127 ਜ਼ਖਮੀ : ਅਗਵਾਕਾਰ ਹਿਰਾਸਤ ਵਿਚ

ਕਰਾਚੀ — 5 ਸਤੰਬਰ ਨੂੰ ਅਮਰੀਕਾ ਦੀ ਪੈਨ ਐਮ ਕੰਪਨੀ ਦਾ ਜਹਾਜ਼ ਇਥੇ ਅਗਵਾ ਕਰਨ ਪਿਛੋਂ ਚਾਰ ਅਗਵਾਕਾਰਾਂ ਨੇ 20 ਵਿਅਕਤੀ ਮਾਰ ਦਿਤੇ ਅਤੇ 127 ਜ਼ਖਮੀ ਕਰ ਦਿਤੇ। ਮਸ਼ੀਨਗੰਨਾਂ ਨਾਲ ਲੈਸ ਅਗਵਾਕਾਰਾਂ ਨੇ 17 ਘੰਟੇ ਮੁਸਾਫਰਾਂ ਨੂੰ ਜਹਾਜ਼ ਵਿਚ ਹੀ ਕੈਦ ਕਰੀ ਰੱਖਿਆ।

ਖਬਰਾਂ ਅਨੁਸਾਰ ਤੇਲ ਖਤਮ ਹੋਣ ਨਾਲ ਜਹਾਜ਼ ਦੀਆਂ ਬੱਤੀਆਂ ਬੁਝ ਜਾਣ ਪਿਛੋਂ ਅਗਵਾਕਾਰਾਂ ਨੇ ਗਰਨੇਡ ਅਤੇ ਮਸ਼ੀਨਗੰਨਾਂ ਨਾਲ ਮੁਸਾਫਰਾਂ ਉਤੇ ਹਮਲਾ ਕਰ ਦਿਤਾ। ਪਹਿਲੀਆਂ ਖਬਰਾਂ ਵਿਚ ਕਿਹਾ ਗਿਆ ਸੀ ਕਿ ਦੋ ਅਗਵਾਕਾਰ ਮਾਰੇ ਗਏ ਪਰ ਪਿਛੋਂ ਮਿਲੀਆਂ ਖਬਰਾਂ ਅਨੁਸਾਰ ਚਾਰੇ ਅਗਵਾਕਾਰ ਸਹੀ ਸਲਾਮਤ ਹਨ ਅਤੇ ਉਨ੍ਹਾਂ ਉਤੇ ਪਾਕਿਸਤਾਨੀ ਪੁਲਸ ਨੇ ਜਹਾਜ਼ ਨੂੰ ਅਗਵਾ ਕਰਨ ਦਾ ਦੋਸ਼ ਲਾਇਆ ਹੈ। ਇਕ ਅਗਵਾਕਾਰ ਜ਼ਖਮੀ ਹੋਇਆ।

### 206 ਭਾਰਤੀ ਮੁਸਾਫਰ

ਬੰਬਈ ਤੋਂ ਚੱਲੀ ਇਸ ਉਡਾਣ ਵਿਚ 398 ਮੁਸਾਫਿਰ ਸਨ ਜਿਨ੍ਹਾਂ ਵਿਚੋਂ 206 ਭਾਰਤੀ ਸਨ। ਮਰਨ ਵਾਲਿਆਂ ਵਿਚ ਦਸ ਭਾਰਤੀ ਹਨ। ਚਾਰ ਕੈਨੇਡੀਅਨ ਮੁਸਾਫਿਰ ਸਨ ਜੋ ਭਾਰਤੀ ਮੂਲ ਦੇ ਹੀ ਹਨ। 27 ਜ਼ਖਮੀ ਭਾਰਤੀ ਵਾਪਸ ਬੰਬਈ ਲਿਜਾਏ ਗਏ ਹਨ।

### ਕੇ. ਸੀ. ਪੰਤ ਤੇ ਜਗਦੀਸ਼ ਟਾਈਟਲਰ ਕਰਾਚੀ ਪਹੁੰਚੇ

ਭਾਰਤ ਦੇ ਦੋ ਮੰਤਰੀ ਸ੍ਰੀ ਕੇ. ਸੀ. ਪੰਤ ਅਤੇ ਟੂਰਿਸਟ ਮਨਿਸਟਰ ਜਗਦੀਸ਼ ਟਾਈਟਲਰ ਕਰਾਚੀ ਪਹੁੰਚੇ ਅਤੇ ਜ਼ਖਮੀ ਮੁਸਾਫਰਾਂ ਨੂੰ ਬੰਬਈ ਪਹੁੰਚਾਣ ਵਿਚ ਲੱਗੇ ਰਹੇ।

### ਰਾਜੀਵ ਗਾਂਧੀ ਗ਼ਦਾਫ਼ੀ ਨੂੰ ਮਿਲੇ

ਕਰਾਚੀ ਵਿਚ ਘਟਨਾ ਹੋਣ ਤੋਂ ਪਿਛੋਂ ਭਾਰਤ ਦੇ ਪ੍ਰਧਾਨ ਮੰਤਰੀ ਲਿਬੀਆ ਦੇ ਪ੍ਰਧਾਨ ਗ਼ਦਾਫ਼ੀ ਨੂੰ ਮਿਲੇ। ਗ਼ਦਾਫ਼ੀ ਨੇ ਕਿਹਾ ਕਿ ਉਸ ਦੇ ਦੇਸ਼ ਦਾ ਅਗਵਾਕਾਰਾਂ ਨਾਲ ਕੋਈ ਸਬੰਧ ਨਹੀਂ। ਅਮਰੀਕਾ ਸਰਕਾਰ ਹਰ ਦੋਸ਼ ਗਦਾਫੀ ਸਿਰ ਮੜ੍ਹਨ ਦੀ ਕੋਸ਼ਿਸ਼ ਵਿਚ ਲੱਗੀ ਰਹਿੰਦੀ ਹੈ। ਸ੍ਰੀ ਗਾਂਧੀ ਬਾਅਦ ਵਿਚ ਪਾਕਿਸਤਾਨ ਦੇ ਪ੍ਰਧਾਨ ਜ਼ਿਆ-ਉਲ-ਹੱਕ ਨੂੰ ਮਿਲੇ। ਸ੍ਰੀ ਗਾਂਧੀ ਨੇ ਅਗਵਾ ਹੋਏ ਜਹਾਜ਼ ਦੇ ਮੁਸਾਫਰਾਂ ਦੀ ਮੌਤਾਂ ਉਤੇ ਅਫਸੋਸ ਪ੍ਰਗਟ ਕੀਤਾ। ਸ੍ਰੀ ਜ਼ਿਆ ਨੇ ਕਿਹਾ ਕਿ ਅਗਵਾਕਾਰ ਅਰਬੀ ਤੇ ਉਰਦੂ ਬੋਲਦੇ ਹਨ।

# ਜਨਰਲ ਵੈਦਿਆ ਦੇ ਦੋ ਕਾਤਲ ਪੂਨੇ ਨੇੜੇ ਗ੍ਰਿਫਤਾਰ

## ਲਲਿਤ ਮਾਕਨ ਦਾ ਕਤਲ ਵੀ ਇਕਬਾਲ ਕਰ ਲਿਆ

ਪੂਨਾ — ਬੀ. ਬੀ. ਸੀ. ਦੀ ਖਬਰ ਅਨੁਸਾਰ ਪੂਨੇ ਲਾਗੇ ਪਿੰਪਰੀ ਦੀ ਥਾਂ ਉਤੇ ਜਨਰਲ ਵੈਦਿਆ ਦੇ ਦੋ ਕਾਤਲ ਸੁਖਦੇਵ ਸਿੰਘ ਅਤੇ ਨਿਰਮਲ ਸਿੰਘ ਬੱਸ ਵਿਚੋਂ ਫੜ ਲਏ ਗਏ। ਘਟਨਾ ਇਸ ਤਰ੍ਹਾਂ ਦੱਸੀ ਜਾਂਦੀ ਹੈ ਕਿ ਇਹ ਦੋਵੇਂ ਬੱਸ ਵਿਚ ਪੂਨੇ ਤੋਂ ਬੰਬਈ ਜਾ ਰਹੇ ਸਨ ਜਦ ਪਿੰਪਰੀ ਲਾਗੇ ਇਨ੍ਹਾਂ ਦਾ ਬੱਸ ਦੇ ਡਰਾਈਵਰ ਨਾਲ ਤਕਰਾਰ ਹੋ ਗਿਆ। ਗੁੱਸੇ ਵਿਚ ਆਏ ਸੁਖਦੇਵ ਸਿੰਘ ਅਤੇ ਨਿਰਮਲ ਸਿੰਘ ਨੇ ਪਿਸਤੌਲ ਕੱਢ ਲਿਆ ਤੇ ਮੁਸਾਫਰਾਂ ਨੇ ਦੋਵੇਂ ਉਥੇ ਹੀ ਨੱਪ ਲਏ।

ਬੀ. ਬੀ. ਸੀ. ਅਨੁਸਾਰ ਦੋਵਾਂ ਨੇ ਜਨਰਲ ਵੈਦਿਆ ਦਾ ਕਤਲ ਮੰਨ ਲਿਆ ਹੈ। ਉਨ੍ਹਾਂ ਨੇ ਕਿਹਾ ਕਿ ਉਹ ਹਰਜਿੰਦਰ ਸਿੰਘ ਉਰਫ ਜਿੰਦਾ ਦੇ ਗਰੋਹ ਵਿਚ ਸ਼ਾਮਲ ਹਨ। ਉਨ੍ਹਾਂ ਨੇ ਦਿੱਲੀ ਵਿਚ ਕਤਲ ਕੀਤੇ ਗਏ ਪਾਰਲੀਮੈਂਟ ਮੈਂਬਰ ਲਲਿਤ ਮਾਕਨ ਅਤੇ ਉਸਦੀ ਪਤਨੀ ਦੇ ਕਤਲ ਵਿਚ ਵੀ ਆਪਣਾ ਹੱਥ ਮੰਨ ਲਿਆ ਹੈ।

ਇਸ ਗਰੋਹ ਦੇ ਗੁਰਿੰਦਰ ਸਿੰਘ ਤੇ ਪੁਸ਼ਪਿੰਦਰ ਸਿੰਘ ਅਜੇ ਭਗੌੜੇ ਦੱਸੇ ਜਾਂਦੇ ਹਨ।

# 'ਇੰਡੋ-ਕੈਨੇਡੀਅਨ ਟਾਈਮਜ਼' ਵਿਚ ਛਪੀ ਝੂਠੀ ਤੇ ਬੇ-ਬੁਨਿਆਦ ਖਬਰ ਦਾ ਖੰਡਨ

ਵਲੋਂ —

ਐਗਜ਼ੇਕਟਿਵ ਕਮੇਟੀ
ਭਵ-ਖੰਡਨ ਦਰਬਾਰ ਗੁਰੂ ਸਿੱਖ ਸੁਸਾਇਟੀ
ਫੋਰਟ ਨੈਲਸਨ, ਬੀ. ਸੀ.

ਵੱਲ —

ਐਡੀਟਰ
ਇੰਡੋ-ਕੈਨੇਡੀਅਨ ਟਾਈਮਜ਼
ਵੈਨਕੋਵਰ, ਬੀ. ਸੀ.

ਵਿਸ਼ਾ :— 29 ਅਗਸਤ 1986 ਦੇ ਪਰਚੇ ਇੰਡੋ ਕੈਨੇਡੀਅਨ ਟਾਈਮਜ਼ ਵਿਚ ਸਫਾ 4 ਉਤੇ ਕਾਲਮ ਤਿੰਨ ਵਿਚ "ਸਮਾਗਮ" ਦੇ ਸਿਰਲੇਖ ਹੇਠ ਛਪੀ ਝੂਠੀ ਤੇ ਬੇ ਬੁਨਿਆਦ ਖਬਰ।

ਸ੍ਰੀਮਾਨ ਜੀ,

ਜੋ ਖਬਰ ਤੁਸੀਂ ਮਿਹਰ ਸਿੰਘ ਧਾਲੀਵਾਲ ਦੇ ਫੋਨ ਦੇ ਹਵਾਲੇ ਨਾਲ ਉਪਰੋਕਤ ਪਰਚੇ ਵਿਚ ਛਪੀ ਹੈ ਬਿਲਕੁਲ ਝੂਠੀ ਤੇ ਬੇ-ਬੁਨਿਆਦ ਹੈ ਅਤੇ ਜਗਦੇਵ ਸਿੰਘ ਜਟਾਣਾ ਉਪਰ ਇਕ ਜ਼ਾਤੀ ਹਮਲਾ ਹੈ। ਕਿੰਨਾ ਚੰਗਾ ਹੁੰਦਾ ਜੇ ਅਜਿਹੀ ਖਬਰ ਦੀ ਪੜਤਾਲ ਕਰ ਲਈ ਜਾਂਦੀ। ਝੰਡਾ ਲਾਹੁਣ ਵਿਚ ਜਗਦੇਵ ਸਿੰਘ ਜਟਾਣਾ ਦਾ ਕੋਈ ਵਿਅਕਤੀਗਤ ਹੱਥ ਨਹੀਂ। ਇਹ ਝੰਡਾ ਕਮੇਟੀ ਨੇ ਸਰਬ ਸੰਗਤ ਦੀ ਪ੍ਰਵਾਨਗੀ ਨਾਲ ਲਾਹਿਆ ਹੈ।

ਜਿਸ ਇਮਾਰਤ ਉਪਰ ਕੁਝ ਵਿਅਕਤੀਆਂ ਨੇ ਕਮੇਟੀ ਦੀ ਮਰਜ਼ੀ ਦੇ ਉਲਟ ਆਪ-ਹੁਦਰੇਪਣ ਦਾ ਸਬੂਤ ਦਿੰਦਿਆਂ ਹੋਇਆਂ ਝੰਡਾ ਲਹਿਰਾਇਆ ਸੀ ਉਹ ਗੁਰਦੁਆਰਾ ਸਾਹਿਬ ਨਹੀਂ ਸੁਸਾਇਟੀ ਦਫਤਰ ਹੈ। ਇਹ ਇਮਾਰਤ 'ਰੈਂਜ਼ੀਡੈਂਸ਼ਲ ਏਰੀਏ' ਵਿਚ ਹੈ। ਇਸ ਲਈ ਇਸ ਜਗ੍ਹਾ ਨੂੰ ਗੁਰਦੁਆਰਾ ਸਾਹਿਬ ਦੇ ਤੌਰ ਤੇ ਵਰਤਣ ਦੀ ਮਨਜ਼ੂਰੀ ਨਹੀਂ ਮਿਲੀ। (ਫੋਰਟ ਨੈਲਸਨ ਵਿਖੇ ਅਜੇ ਤਕ ਕੋਈ ਵੀ ਇਮਾਰਤ ਗੁਰਦੁਆਰਾ ਸਾਹਿਬ ਦਾ ਰੂਪ ਨਹੀਂ ਲੈ ਸਕੀ।)

ਸੋ ਪੁਰਜ਼ੋਰ ਸ਼ਬਦਾਂ ਵਿਚ ਉਪਰੋਕਤ ਝੂਠੀ ਤੇ ਬੇ-ਬੁਨਿਆਦ ਖਬਰ ਦੀ ਨਿਖੇਧੀ ਕਰਦੇ ਹਾਂ ਅਤੇ ਮੰਗ ਕਰਦੇ ਹਾਂ ਕਿ ਇਸ ਖਬਰ ਦੀ ਅਸਲੀਅਤ ਅਤੇ ਤਰਦੀਦ ਅਗਲੇ ਅੰਕ ਵਿਚ ਛਾਪੀ ਜਾਵੇ ਤਾਂ ਕਿ ਕਿਸੇ ਇਕ ਵਿਅਕਤੀ ਦੀ ਮਾਣ ਹਾਨੀ ਨਾ ਹੋਵੇ ਅਤੇ ਸੰਗਤਾਂ ਵਿਚ ਪਏ ਭੁਲੇਖੇ ਨੂੰ ਦੂਰ ਕੀਤਾ ਜਾ ਸਕੇ।

ਸੰਗਤਾਂ ਦਾ ਦਾਸ
ਬਲਵਿੰਦਰ ਸਿੰਘ ਸਰਾਂ, ਪ੍ਰਧਾਨ
ਭਵਖੰਡਨ ਦਰਬਾਰ ...

# ਰੀਜ਼ਰਵੇਸ਼ਨ ਸਬੰਧੀ ਫੈਸਲਾ ਅਜੇ ਨਹੀਂ — ਐਨ. ਟੀ. ਰਾਮਾਰਾਓ

ਨਵੀਂ ਦਿੱਲੀ — ਆਂਧਰਾ ਪ੍ਰਦੇਸ਼ ਦੇ ਮੁਖ ਮੰਤਰੀ ਸ੍ਰੀ ਐਨ. ਟੀ. ਰਾਮਾਰਾਓ ਨੇ ਇਥੇ ਕਿਹਾ ਕਿ ਰਾਜ ਵਿਚ ਰੀਜ਼ਰਵੇਸ਼ਨ ਦੀ ਪਾਲਿਸੀ ਬਾਰੇ ਫੈਸਲਾ ਸਾਰੀਆਂ ਰਾਜਸੀ ਪਾਰਟੀਆਂ ਦੀ ਸਲਾਹ ਨਾਲ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਇਸ ਗੱਲ ਦੇ ਹੱਕ ਵਿਚ ਨਹੀਂ ਹਨ ਕਿ ਪਛੜੀਆਂ ਸ਼੍ਰੇਣੀਆਂ ਦੇ ਮੁਆਮਲੇ ਵਿਚ ਕਾਹਲੀ ਤੋਂ ਕੰਮ ਲਿਆ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਵਿਦਿਆਰਥੀ ਜਥੇਬੰਦੀਆਂ, ਰਾਜਸੀ ਪਾਰਟੀਆਂ ਨਾਲ ਸਲਾਹ ਮਸ਼ਵਰਾ ਕਰਨ ਦੀ ਪਾਲਿਸੀ ਅਖਤਿਆਰ ਕਰੇਗੀ।

# ਮਾਤਾ ਤੇਜ਼ ਕੌਰ ਦੇ ਭੋਗ ਦੀ ਰਸਮ

ਸਰੀ ਨਿਵਾਸੀ ਪਿਆਰਾ ਸਿੰਘ ਬਾਸੀ ਦੇ ਮਾਤਾ ਜੀ ਤੇਜ਼ ਕੌਰ ਬਾਸੀ ਪਿਛਲੇ ਦਿਨੀਂ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਨਮਿਤ ਭੋਗ ਗੁਰੂ ਨਾਨਕ ਸਿੱਖ ਟੈਂਪਲ ਸਰੀ ਵਿਖੇ 13 ਸਤੰਬਰ ਦਿਨ ਸ਼ਨਿਚਰਵਾਰ ਸਾਢੇ ਬਾਰਾਂ ਵਜੇ ਪਵੇਗਾ।

ਸਮੂਹ ਦੋਸਤਾਂ, ਮਿਤਰਾਂ ਤੇ ਸਬੰਧੀਆਂ ਪ੍ਰਤੀ ਬੇਨਤੀ ਹੈ ਕਿ ਗੁਰਦੁਆਰਾ ਸਰੀ ਵਿਚ ਠੀਕ ਸਮੇਂ ਪਹੁੰਚਣ।


ਸੁਪਰ ਫੋਟੋ

Passport Photos 5 Mins. Service

Quality Portraits

Our Bussiness Weddings



Super Photo Studio

9375 - 120th St. (Scott Rd.) Delta

Memories Restored

ਅਸੀਂ ਪੁਰਾਣੀਆਂ ਫਟੀਆਂ ਫੋਟੋਆਂ ਮੁੜ ਨਵੀਆਂ ਕਰਦੇ ਹਾਂ — ਬਲੈਕ ਐਂਡ ਵਾਈਟ ਫੋਟੋਆਂ ਕੱਲਰ ਕੀਤੀਆਂ ਜਾਂਦੀਆਂ ਹਨ

Off. 589-4668
Res. 596-3770



MOGUL GARDENS
RESTAURANT



We cater to large private parties

Take-Out Available

The most affordable in Tandori (clay-oven) dishes

We serve classical East-Indian Food with good service. . .

Speciality Foods being baked in a charcoal clay-oven
'The Tandoor' is its perfection and flavour

Fully Licensed    Free Parking (after 6 p.m.)

801 Beach Ave. (1 blk. south of Pacific)
684-5886

Gourmet Varities include Butter Chicken, Vegetarian foods, Sea food and Meat, Curries, Nan and Paraunthe

Luncheon - Buffet - Weekdays $5.95
Brunch - Weekends
Dinner - Parties




Mugul Gardens

Free Parking (after 6 pm)

ਪੰਨਾ ੫ ਦੀ ਬਾਕੀ

ਸੰਘ ਸਰਕਾਰ ਦਾ ਹੈ ਜਦੋਂ ਕਿ ਪੰਜਾਬ ਵਿਚ ਅਮਨ ਕਾਨੂੰਨ ਤੇ ਸ਼ਾਂਤੀ ਦੀ ਵਿਵਸਥਾ ਬਣਾਈ ਰੱਖਣ ਦਾ ਕੰਮ ਪੰਜਾਬ ਸਰਕਾਰ ਦਾ ਹੈ। ਇਸ ਲਈ 'ਸੁਰੱਖਿਆ ਪੱਟੀ' ਦੀ ਤਜ਼ਵੀਜ ਬੇਲੋੜੀ ਹੈ।

### ਹੱਲ

ਹੁਣ ਪੰਜਾਬ ਸਮੱਸਿਆ ਨੂੰ ਹੱਲ ਕਰਨਾ ਕੇਂਦਰ ਸਰਕਾਰ ਦੇ ਵੱਸ ਦੀ ਗੱਲ ਬਣ ਕੇ ਰਹਿ ਗਈ ਹੈ। ਪਰ ਸੋਚਣ ਵਾਲੀ ਇਹ ਗੱਲ ਹੈ ਕਿ ਕੇਂਦਰ ਸਰਕਾਰ ਨੇ ਪੰਜਾਬ ਵਿਚ ਧਾਰਾ 352 ਜਾਂ 356 ਦੀ ਵਰਤੋਂ ਕਿਉਂ ਨਹੀਂ ਕੀਤੀ ? ਉਤਰ ਸਾਫ ਹੈ ਕਿ ਜੇ ਸੰਘ ਸਰਕਾਰ ਧਾਰਾ 352 ਰਾਹੀਂ ਪੰਜਾਬ ਵਿਚ ਸੰਕਟਕਾਲ ਦੀ ਘੋਸ਼ਨਾ ਕਰੇ ਅਤੇ ਜਾਂ ਧਾਰਾ 356 ਰਾਹੀਂ ਰਾਸ਼ਟਰਪਤੀ ਰਾਜ ਲਾਗੂ ਕਰਕੇ ਪੰਜਾਬ ਪ੍ਰਸ਼ਾਸਨ ਦੀ ਵਾਗ ਡੋਰ ਆਪ ਸੰਭਾਲੇ ਤਾਂ ਸੰਘ ਸਰਕਾਰ ਨੂੰ ਇਹ ਡਰ ਹੈ ਕਿ ਪੰਜਾਬ ਵਿਚ ਅਮਨ-ਕਾਨੂੰਨ ਤੇ ਸ਼ਾਤੀ ਵਿਵਸਥਾ ਸ਼ਾਇਦ ਫਿਰ ਵੀ ਨਾ ਸੁਧਾਰੇ। ਸੋ ਇਹੀ ਕਾਰਣ ਹੈ ਕਿ ਸੰਘੀ ਸਰਕਾਰ ਆਪਣੇ ਪੰਜਾਬੀ ਕਾਂਗਰਸੀ ਵਿਧਾਇਕਾਂ ਦੇ ਸਹਾਰੇ ਨਾਲ ਜਾਣ ਬੁੱਝ ਕੇ ਬਰਨਾਲਾ ਸਰਕਾਰ ਨੂੰ ਕਾਇਮ ਰੱਖੀ ਬੈਠੀ ਹੈ। ਇਸ ਦੇ ਕੇਂਦਰੀ ਸਰਕਾਰ ਨੂੰ ਦੋ ਲਾਭ ਹਨ। ਇਕ ਤਾਂ ਸੰਘ ਸਰਕਾਰ ਦੇ ਇਸ਼ਾਰੇ ਤੇ ਘੱਟ ਗਿਣਤੀ ਬਰਨਾਲਾ ਸਰਕਾਰ ਨੂੰ ਚੱਲਣਾ ਪੈ ਰਿਹਾ ਹੈ। ਦੂਜਾ ਪੰਜਾਬ ਦੀ ਵਿਸਫੋਟਕ ਸਥਿਤੀ ਦੀ ਜਿੰਮੇਂਵਾਰੀ ਬਰਨਾਲਾ ਸਰਕਾਰ ਦੇ ਸਿਰ ਮੜ੍ਹ ਕੇ ਆਮ ਕੇਂਦਰੀ ਸਰਕਾਰ ਬਰੀ ਹੋ ਜਾਂਦੀ ਹੈ। ਸੋ ਕੇਂਦਰ ਦੀ ਇਸ ਦੋਹਰੀ ਪਾਲਸੀ ਨਾਲ ਪੰਜਾਬ ਸਮੱਸਿਆ ਹੱਲ ਨਹੀਂ ਹੁੰਦੀ। ਸੋ ਕੇਂਦਰ ਧਾਰਾ 249 ਦੇ ਪ੍ਰਯੋਗ ਦੀ ਬਿਜਾਏ ਧਾਰਾ 356 ਦੀ ਵਰਤੋਂ ਕਰਕੇ ਪੰਜਾਬ ਪ੍ਰਸ਼ਾਸਨ ਦੀ ਜਿੰਮੇਵਾਰੀ ਆਪਣੇ ਮੋਢਿਆਂ ਤੇ ਚੁਕਦਾ। ਪਰ ਕੇਂਦਰ ਨੇ ਇੰਝ ਨਾ ਕਰਕੇ ਭਾਰਤੀ ਸੰਘਵਾਦ ਨੂੰ ਚਕਨਾਚੂਰ ਕਰ ਦਿਤਾ ਹੈ। ਸੋ ਅੱਜ ਸਮੇਂ ਦੀ ਲੋੜ ਹੈ ਕਿ ਕੇਂਦਰ ਸਰਕਾਰ ਪੰਜਾਬ ਮਸਲੇ ਦੀ ਜੜ੍ਹ ਫੜ ਕੇ ਮਸਲੇ ਦਾ ਹੱਲ ਲੱਭੇ। ਪੰਜਾਬੀ ਸਿੱਖ ਨੌਜਵਾਨਾਂ ਨੂੰ ਦਲੀਲਾਂ ਰਾਹੀਂ ਸਮਝਾ ਕੇ ਹੀ ਕੌਮੀ ਮੁਖ ਧਾਰਾ ਵਿਚ ਜੋੜਿਆ ਜਾ ਸਕਦਾ ਹੈ। ਤਾਕਤ ਨਾਲ ਨਹੀਂ। ਸੋ ਪੰਜਾਬ ਸਮੱਸਿਆ ਦਾ ਲੋਕਤੰਤਰੀ ਹੱਲ ਇਹੋ ਹੈ ਕਿ ਸੰਘ ਸਰਕਾਰ ਨੂੰ ਧਾਰਾ 249 ਦਾ ਸਹਾਰਾ ਨਹੀਂ ਲੈਣਾ ਚਾਹੀਦਾ ਸਗੋਂ ਦਿਆਨਤਦਾਰੀ ਨਾਲ 'ਰਾਜੀਵ-ਲੌਂਗੋਵਾਲ' ਪੰਜਾਬ ਸਮਝੌਤੇ ਨੂੰ ਲਾਗੂ ਕਰਨਾ ਚਾਹੀਦਾ ਹੈ। ਕੇਂਦਰ ਸਰਕਾਰ, ਚੰਡੀਗੜ੍ਹ ਛੇਤੀ ਪੰਜਾਬ ਨੂੰ ਸੌਂਪੇ, ਭਗੌੜੇ ਫੌਜੀਆਂ ਨੂੰ ਬਹਾਲ ਕਰੇ ਅਤੇ ਜੇਲ੍ਹਾਂ ਵਿਚ ਨਜ਼ਰਬੰਦ ਸਿਖ ਨੌਜਵਾਨਾਂ ਦੀ ਬਿਨਾਂ ਸ਼ਰਤ ਰਿਹਾਈ ਕਰੇ। ਪੰਜਾਬੀ ਜਾਂ ਹਿੰਦੀ ਬੋਲਦੇ ਇਲਾਕਿਆਂ ਅਤੇ ਪਾਣੀ ਦੀ ਵੰਡ ਦਾ ਮਸਲਾ ਵੀ ਛੇਤੀ ਤੋਂ ਛੇਤੀ ਹੱਲ ਹੋਵੇ। ਅਲੋਚਕਾਂ ਅਨੁਸਾਰ ਪੁਲੀਸ ਜਾਂ ਨੀਮ ਫੌਜੀ ਦਲਾਂ ਰਾਹੀਂ ਸਿਖ ਨੌਜਵਾਨਾਂ ਦੀ ਫੜੋ ਫੜੀ ਜਾਂ ਝੂਠੇ ਪੁਲੀਸ ਮੁਕਾਬਲੇ ਵੀ ਬੰਦ ਹੋਣੇ ਚਾਹੀਦੇ ਹਨ। 1982 ਤੋਂ ਲੈ ਕੇ ਅੱਜ ਤੱਕ ਵੱਖ ਵੱਖ ਥਾਈਂ ਮਾਰੇ ਗਏ ਪੰਜਾਬੀਆਂ ਦੇ ਵਾਰਸਾਂ ਨੂੰ ਮੁਆਵਜ਼ਾ ਦੇ ਕੇ ਦੋਸ਼ੀਆਂ ਨੂੰ ਕਾਨੂੰਨੀ ਕਟਹਿਰੇ ਵਿਚ ਖੜ੍ਹਾ ਕਰਕੇ ਸਜ਼ਾ ਦੁਆਈ ਜਾਏ। ਸੋ ਪੰਜਾਬ ਸਮੱਸਿਆ ਦਾ ਹੱਲ, ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਮਿਲਕੇ ਅਤੇ ਸਾਰੇ ਫਿਰਕਿਆਂ ਦੇ ਲੋਕਾਂ ਦਾ ਸਹਿਯੋਗ ਪ੍ਰਾਪਤ ਕਰਕੇ ਹੀ ਕਰ ਸਕਦੀਆਂ ਹਨ। ਵੇਖਦੇ ਹਾਂ ਪੰਜਾਬੀਆਂ ਨੂੰ ਕਦੋਂ ਕੁ ਸੁਖ ਦਾ ਸਾਹ ਆਉਂਦਾ ਹੈ ?

# ਭਾਰਤ ਉਤੇ ਬੇਨਜ਼ੀਰ ਭੁੱਟੋ ਦੀ ਸਹਾਇਤਾ ਕਰਨ ਦਾ ਦੋਸ਼ ਬੇਹੂਦਾ — ਰਾਜੀਵ ਗਾਂਧੀ

ਨਵੀਂ ਦਿੱਲੀ — ਜ਼ਿਮਾਬੇ ਤੋਂ ਪਰਤਦਿਆਂ ਇਥੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ ਪਾਕਿਸਤਾਨ ਦੇ ਪ੍ਰਧਾਨ ਜ਼ਿਆ-ਉਲ-ਹੱਕ ਦਾ ਇਹ ਦੋਸ਼ ਕਿ ਭਾਰਤ, ਪੀਪਲਜ਼ ਪਾਰਟੀ ਦੀ ਨੇਤਾ ਬੇਨਜ਼ੀਰ ਭੁੱਟੋ ਦੀ ਮਾਲੀ ਸਹਾਇਤਾ ਕਰ ਰਿਹਾ ਹੈ, ਬੇਹੂਦਾ ਹੈ। ਉਨ੍ਹਾਂ ਕਿਹਾ ਕਿ ਜ਼ਿਆ ਆਪ ਇਹ ਮੰਨ ਚੁਕਿਆ ਹੈ ਕਿ ਅਜਿਹੀ ਸਹਾਇਤਾ ਦਾ ਉਸ ਕੋਲ ਕੋਈ ਸਬੂਤ ਨਹੀਂ। ਬਿਨਾਂ ਸਬੂਤ ਦੇ ਅਜਿਹੇ ਦੋਸ਼ ਲਾਉਣਾ ਬੇਹੂਦਾ ਹੀ ਕਿਹਾ ਜਾ ਸਕਦਾ ਹੈ।

## ਪੰਜਾਬ ਦੀ ਦਹਿਸ਼ਤਪਸੰਦੀ - ਪਾਕਿਸਤਾਨ ਦੀ ਦੇਣ

ਭਾਰਤ ਦੇ ਪ੍ਰਧਾਨ ਮੰਤਰੀ ਨੇ ਦੋਸ਼ ਲਾਇਆ ਕਿ ਸਾਡੇ ਕੋਲ ਠੋਸ ਸਬੂਤ ਮੌਜੂਦ ਹਨ ਕਿ ਪੰਜਾਬ ਵਿਚ ਦਹਿਸ਼ਤਗਰਦੀ ਫੈਲਾਉਣ ਲਈ ਪਾਕਿਸਤਾਨ ਨੇ ਆਪਣਾ ਪੂਰਾ ਟਿੱਲ ਲਾਇਆ ਹੋਇਆ ਹੈ।

## ਅਗਵਾਕਾਰ ਕੌਣ ਹਨ ?

ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ ਪਾਕਿਸਤਾਨ ਦੇ ਪ੍ਰਧਾਨ ਜ਼ਿਆ-ਉਲ-ਹੱਕ ਨੇ ਹਰਾਰੇ ਵਿਚ ਗਲਬਾਤ ਕਰਦਿਆਂ ਆਪ ਮੰਨਿਆ ਕਿ ਅਮਰੀਕਾ ਦਾ ਪੈਨ ਐਮ ਜਹਾਜ਼ ਦੇ ਅਗਵਾਕਾਰ ਅਰਬੀ ਦੇ ਨਾਲ ਉਰਦੂ ਵੀ ਬੋਲਦੇ ਹਨ। ਉਨ੍ਹਾਂ ਕਿਹਾ ਕਿ ਪੈਨ ਐਮ ਦੇ ਅਗਵਾ ਹੋਣ ਵਿਚ ਪਾਕਿਸਤਾਨੀ ਸਰਕਾਰ ਨੇ ਠੀਕ ਕਦਮ ਨਹੀਂ ਉਠਾਏ ਇਸੇ ਕਾਰਨ ਦਸ ਭਾਰਤੀ ਗੋਲੀਆਂ ਦਾ ਸ਼ਿਕਾਰ ਹੋਏ ਉਨ੍ਹਾਂ ਕਿਹਾ ਕਿ ਅਗਵਾਕਾਰਾਂ ਨਾਲ ਪਾਕਿਸਤਾਨ ਦਾ ਵਤੀਰਾ ਹਮੇਸ਼ਾ ਹਮਦਰਦੀ ਵਾਲਾ ਰਿਹਾ ਹੈ। ਉਨ੍ਹਾਂ ਕਿਹਾ ਭਾਰਤ ਦੇ ਦੋ ਜਹਾਜ਼ ਪਹਿਲਾਂ ਅਗਵਾ ਹੋਏ ਪਰ ਅਗਵਾਕਾਰਾਂ ਨਾਲ ਨਰਮੀ ਦਾ ਸਲੂਕ ਜਾਰੀ ਰਿਹਾ। ਉਨ੍ਹਾਂ ਕਿਹਾ ਕਿ ਭਾਰਤ ਕੋਲ ਸਬੂਤ ਹਨ ਕਿ ਉਨ੍ਹਾਂ ਦੋਹਾਂ ਜਹਾਜ਼ਾਂ ਦੇ ਅਗਵਾਕਾਰਾਂ ਕੋਲ ਪਾਕਿਸਤਾਨੀ ਹਥਿਆਰ ਸਨ। ਸ੍ਰੀ ਗਾਂਧੀ ਨੇ ਕਿਹਾ ਕਿ ਪਾਕਿਸਤਾਨ ਭਾਰਤ ਨਾਲ ਆਪਣੇ ਸਬੰਧ ਸੁਧਾਰਨ ਵਿਚ ਦਿਲਚਸਪੀ ਨਹੀਂ ਲੈ ਰਿਹਾ।

## ਕਸ਼ਮੀਰ ਵਿਚ ਗੜਬੜ

ਸ੍ਰੀ ਗਾਂਧੀ ਨੇ ਦੋਸ਼ ਲਾਇਆ ਕਿ ਪਾਕਿਸਤਾਨ ਦੇ ਬੱਜਟ ਵਿਚ ਕਸ਼ਮੀਰ ਨੂੰ ਆਜ਼ਾਦ ਕਰਾਉਣ ਲਈ ਸਪੇਸ਼ਲ ਬੱਜਟ ਰੱਖਿਆ ਜਾ ਰਿਹਾ ਹੈ ਜਿਸ ਤੋਂ ਸਪੱਸ਼ਟ ਹੈ ਕਿ ਜੰਮੂ ਕਸ਼ਮੀਰ ਵਿਚ ਗੜਬੜ ਪਾਕਿਸਤਾਨ ਵਲੋਂ ਪੈਦਾ ਕੀਤੀ ਜਾ ਰਹੀ ਹੈ। ਸ੍ਰੀ ਗਾਂਧੀ ਨੇ ਕਿਹਾ ਕਿ ਪਾਕਿਸਤਾਨ ਆਪਣੇ ਆਪ ਨੂੰ ਪ੍ਰਮਾਣੂ ਹਥਿਆਰਾਂ ਨਾਲ ਲੈਸ ਕਰ ਰਿਹਾ ਹੈ ਅਤੇ ਭਾਰਤ ਨੂੰ ਚਿੰਤਾ ਹੋਣੀ ਕੁਦਰਤੀ ਹੈ।

# ਭੂਪਾਲ ਗੈਸ ਕਾਂਡ ਵਿਚ ਦੋ ਦੋਸ਼ੀ ਫੜੇ ਗਏ

## ਇਕ ਅਮਰੀਕਨ ਤੇ ਇਕ ਭਾਰਤੀ ਹਿਰਾਸਤ ਵਿਚ

ਭੂਪਾਲ — ਇਥੇ ਇਕ ਅਮਰੀਕਾ ਦਾ ਨਾਗਰਿਕ ਅਤੇ ਉਸਦੇ ਇਕ ਹੋਰ ਸਾਥੀ ਗੁਪਤਾ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਅਮਰੀਕਨ ਕੰਪਨੀ ਯੂਨੀਅਨ ਕਾਰਬਾਈਡ ਨੇ ਪਹਿਲਾਂ ਇਹ ਦੋਸ਼ ਲਾਇਆ ਸੀ ਕਿ ਇਕ ਕਰਮਚਾਰੀ ਜੋ ਕੰਪਨੀ ਨਾਲ ਨਰਾਜ਼ ਸੀ ਨੇ ਭੂਪਾਲ ਵਿਚ ਗੈਸ ਲੀਕ ਕੀਤੀ।

5 ਸਤੰਬਰ ਨੂੰ ਭਾਰਤ ਸਰਕਾਰ ਨੇ ਅਮਰੀਕਨ ਕੰਪਨੀ ਉਤੇ ਭੂਪਾਲ ਦੇ ਸੈਸ਼ਨ ਕੋਰਟ ਵਿਚ ਇਕ ਕੇਸ ਦਾਇਰ ਕੀਤਾ ਕਿ ਕੰਪਨੀ ਸੇਫਟੀ ਦੀ ਜਿੰਮੇਂਵਾਰ ਹੈ। ਇਸ ਲਈ 2500 ਵਿਅਕਤੀਆਂ ਦੀ ਮੌਤ ਦਾ ਕਾਰਨ ਕੰਪਨੀ ਹੈ।

# ਜਗਤਾਰ ਸਿੰਘ ਅਤੇ ਚਾਰ ਸਾਥੀ ਅੰਮ੍ਰਿਤਸਰ ਵਿਚ ਗ੍ਰਿਫਤਾਰ

ਅੰਮ੍ਰਿਤਸਰ — ਕਥਿਤ ਦਹਿਸ਼ਤਪਸੰਦ ਜਗਤਾਰ ਸਿੰਘ ਅਤੇ ਉਸ ਦੇ ਚਾਰ ਹੋਰ ਸਾਥੀ ਇਥੇ ਗ੍ਰਿਫਤਾਰ ਕੀਤੇ ਗਏ। ਅੰਮ੍ਰਿਤਸਰ ਵਿਚ ਜਗਤਾਰ ਸਿੰਘ ਇਕ 32-ਮੈਂਬਰੀ ਗਰੋਹ ਦਾ ਮੁਖੀ ਦੱਸਿਆ ਗਿਆ ਹੈ। ਇਸ ਗਰੋਹ ਦੇ 23 ਮੈਂਬਰ ਪਹਿਲਾਂ ਗ੍ਰਿਫਤਾਰ ਕੀਤੇ ਜਾ ਚੁਕੇ ਹਨ।

ਤੇਰੀ ਜ਼ੁਲਫੋਂ ਕੋ ਛੇੜਤੀ ਹੈ ਸਬਾ,
ਖ਼ੁਦ ਪਰੇਸ਼ਾਨ ਹੋ ਗਈ ਹੋਗੀ.


ROKKO SAREES & FABRICS

6201 Fraser Street

VANCOUVER

Tel: 327-3033

ਰੋਕੋ ਸਾੜ੍ਹੀਜ਼ ਹਫ਼ਤੇ ਦੇ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ




ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ

ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ

# ਐਨ. ਡੀ. ਪੀ. ਹਿਊਮਨ ਰਾਈਟਸ ਤੇ ਰੇਸ ਰੀਲੇਸ਼ਨਜ਼ ਟਾਸਕ ਫੋਰਸ ਦੀ ਰੀਪੋਰਟ

ਚਰਨਪਾਲ ਗਿੱਲ



ਪਾਠ-ਪਰਨਾਲੀ — ਇਕ ਵਿਅਕਤੀ ਨੇ ਸਕੂਲਾਂ ਵਿਚ ਪਾਠ ਪਰਨਾਲੀ ਦੇ ਤੱਥ ਵਿਚ ਡਾਢੀ ਤਬਦੀਲੀ ਲਿਆਉਣ ਦੀ ਸਲਾਹ ਦਿਤੀ। ਉਸ ਨੇ ਕਿਹਾ — "ਮੇਰਾ ਲੜਕਾ ਸਕੂਲ ਤੋਂ ਘਰੇ ਆਇਆ ਤੇ ਦੱਸਣ ਲੱਗਾ ਕਿ ਉਸਦੇ ਉਸਤਾਦ ਦੇ ਹਿਸਾਬ ਨਾਲ ਨਸਲੀ ਵਿਤਕਰਾ ਹੋਣ ਦੇ ਚੰਗੇ ਸਬੱਬ ਹਨ। ਆਪਦੇ ਉਸਤਾਦ ਤੋਂ ਉਸ ਨੇ ਸਬਕ ਵਿਚ ਰੂੜੀਬੱਧ ਧਾਰਨਾਵਾਂ ਸਿਖੀਆਂ ਕਿ ਜੇ ਕਾਲਿਆਂ ਨੂੰ ਘਰ ਵੇਚਿਆ ਜਾਵੇ ਤਾਂ ਉਸ ਹਲਕੇ ਵਿਚ ਘਰਾਂ ਦੀਆਂ ਕੀਮਤਾਂ ਡਿੱਗ ਪੈਂਦੀਆਂ ਹਨ। ਤੇ ਜੇ ਆਦਿਵਾਸੀ ਸੁਸਤ ਹੋਵੇ ਤਾਂ ਮਾਲਕ ਉਸਨੂੰ ਨੌਕਰੀ ਤੋਂ ਨਹੀਂ ਹਟਾ ਸਕਦਾ। ਵਿਤਕਰਾ ਅਣਗਹਿਲੀ ਕਰਕੇ ਭੀ ਵਧਦਾ ਹੈ। ਕੈਨੇਡਾ ਬਹੁਤ ਮੁਲਕਾਂ 'ਚੋਂ ਆਏ ਇਮੀਗਰੈਂਟਾਂ ਨੇ ਮਜ਼ਬੂਤ ਕੀਤਾ, ਪਰ ਕਿਤਾਬਾਂ ਇਹ ਸਹੀ ਗੱਲ ਨਹੀਂ ਦਸਦੀਆਂ। ਕੈਨੇਡਾ ਦੇ ਵਾਸੀ ਹਮੇਸ਼ਾ ਹੀ ਵੱਖਰਤਾ ਚਾਹੁੰਦੇ ਹਨ ਪਰ ਇਹ ਕਦੇ ਭੀ ਇਕ ਰੂਪ ਨਹੀਂ ਹੋਏ। ਅਸੀਂ ਆਪਦੇ ਬੱਚਿਆਂ ਨੂੰ ਹੋਰ ਜਾਤੀਆਂ ਦੀਆਂ ਘਾਲਾਂ ਵਾਰੇ ਨਹੀਂ ਦਸਦੇ ਇਸ ਕਰਕੇ ਇਤਿਹਾਸ ਵਿਚ ਸਿਰਫ ਇਹੀ ਜ਼ਾਹਿਰ ਹੁੰਦਾ ਹੈ ਕਿ ਕੈਨੇਡਾ ਗੋਰੇ ਲੋਕਾਂ ਦਾ ਦੇਸ਼ ਹੈ।"

ਵਿਦਿਅਕ ਮਹਿਕਮੇ ਦੀ ਪਾਠ ਪਰਨਾਲੀ ਵਿਦਿਆਰਥੀਆਂ ਨੂੰ ਵਾਰ ਵਾਰ ਪੱਕਾ ਕਰਦੀ ਹੈ ਕਿ ਗੋਰਾ ਰੰਗ ਚੰਗੇਰਾ ਹੈ। ਰੰਗਦਾਰ ਲੋਕਾਂ ਦੀ ਸਾਇੰਸ, ਹੁਨਰ ਤੇ ਦੁਨੀਆਂ ਦੇ ਇਤਿਹਾਸ ਵਿਚ ਦੇਣ ਦਾ ਨਾਂ ਨਿਸ਼ਾਨ ਭੀ ਨਹੀਂ। ਇਸਦੇ ਨਾਲ ਹੀ ਐਥਨਿਕ ਤੇ ਨਸਲੀ ਰੂੜੀਵਾਦੀ ਦਾ ਠੱਪਾ ਲੱਗਕੇ ਸਾਡੀ ਸੁਸਾਇਟੀ ਦਾ ਨਸਲੀ ਵਿਸ਼ਲੇਸ਼ਨ ਹੁੰਦਾ ਹੈ। ਜੇ ਸਾਡਾ ਵਿਦਿਅਕ ਮਹਿਕਮੇਂ ਦੀ ਚੇਤੰਨਤਾ ਵਿਚ ਨਸਲੀਵਾਦ ਵਿਰੋਧੀ ਤੇ ਮਲਟੀਕਲਚਰਲ ਦੀ ਸ਼ਬਦਾਵਲੀ ਹੋਵੇ ਤਾਂ ਪਾਠ ਪਰਨਾਲੀ ਤਿਆਰ ਕਰਨ ਵਿਚ ਕੁਝ ਸੋਧ ਤੇ ਤਬਦੀਲੀ ਆ ਸਕਦੀ ਹੈ। ਬਹੁ-ਸਭਿਆਚਾਰਕ ਤੇ ਵਿਤਕਰੇ-ਰਹਿਤ ਸਮੱਗਰੀ ਸਕੂਲਾਂ ਵਿਚ ਪੜ੍ਹਾਉਣ ਲਈ ਵਿਦਿਅਕ ਮਹਿਕਮੇ ਦੀ ਤਰਜੀਹ ਚਾਹੀਦੀ ਹੈ। ਅੱਜ ਦੀ ਪਾਠ ਪਰਨਾਲੀ ਵਿਚ ਸਾਰੀਆਂ ਗਲਤੀਆਂ ਠੀਕ ਕਰਨੀਆਂ ਤੇ ਵਿਤਕਰੇ ਵਾਲੀਆਂ ਗੱਲਾਂ ਸੋਧਕੇ ਵਿਦਿਆਰਥੀਆਂ ਨੂੰ ਪੇਸ਼ ਕਰਨੀਆਂ ਚਾਹੀਦੀਆਂ ਹਨ।

ਸਿਫਾਰਸ਼ ਹੈ ਕਿ ਨਿਊ ਡੈਮੋਕਰੈਟਿਕ ਸਰਕਾਰ ਇਨ੍ਹਾਂ ਗੱਲਾਂ ਦੀ ਪੜਤਾਲ ਕਰੇਗੀ ਤੇ ਜ਼ਿਮੇਂਵਾਰੀ ਲਵੇਗੀ ਕਿ ਸਕੂਲਾਂ ਵਿਚ ਪਾਠ ਪਰਨਾਲੀ ਰੂੜੀਵਾਦੀ ਧਾਰਾਵਾਂ ਤੋਂ ਰਹਿਤ ਹੋਵੇਗੀ। ਤੇ ਬੀ. ਸੀ. ਦੀ ਬਹੁ-ਸਭਿਅਕ ਸਚਾਈ ਨੂੰ ਪਰਤੱਖ ਕਰੇਗੀ।

**ਅੰਗਰੇਜ਼ੀ ਦੂਸਰੀ ਜ਼ਬਾਨ ਦੇ ਤੌਰ ਤੇ (ESL.)**

ਨਵੇਂ ਕੈਨੇਡੀਅਨਾਂ ਦੀ ਖਿਦਮਤ ਲਈ, ਜਿਨ੍ਹਾਂ ਦੀ ਅੰਗਰੇਜ਼ੀ ਮਾਤਰੀ ਭਾਸ਼ਾ ਨਹੀਂ ਹੈ, ਕਾਫੀ ਬਿਹਤਰੀ ਦੀ ਲੋੜ ਹੈ। ਅੰਗਰੇਜ਼ੀ ਦੀਆਂ ਸਹੂਲਤਾਂ ਸਾਰੇ ਸਕੂਲਾਂ ਵਿਚ ਇਕ ਬਰਾਬਰ ਨਹੀਂ ਹਨ। ਕਿਸੇ ਸਕੂਲ ਵਿਚ ਚੰਗੀਆਂ ਹਨ ਤੇ ਕਿਸੇ ਸਕੂਲ ਵਿਚ ਇਹ ਸਹੂਲਤਾਂ ਬਿਲਕੁਲ ਨਹੀਂ ਹਨ। ਗਵਰਨਮੈਂਟ ਦੀ ਕਟੌਤੀ ਤੋਂ ਪਹਿਲਾਂ ਭੀ ਸੇਵਾਵਾਂ ਬਹੁਤ ਘੱਟ ਸਨ ਪਰ ਹੁਣ ਤਾਂ ਬਿਲਕੁਲ ਹੀ ਕਮਤੀ ਹਨ। 1981 ਦੀ ਸੰਖਿਆ ਵਿਚ ਪਤਾ ਲੱਗਾ ਕਿ ਬੀ. ਸੀ. ਵਿਚ ਵੀਹ ਪਰਸੈਂਟ ਲੋਕਾਂ ਦੀ ਜ਼ਬਾਨ ਅੰਗਰੇਜ਼ੀ ਨਹੀਂ ਹੈ। ਵੈਨਕੂਵਰ ਵਿਚ ਇਹ ਗਿਣਤੀ ਪੈਂਤੀ ਪਰਸੈਂਟ ਹੈ ਪਰ ਸਕੂਲਾਂ ਵਿਚ ਬੱਚਿਆਂ ਦੀ ਗਿਣਤੀ ਜੋ ਅੰਗਰੇਜ਼ੀ ਨਹੀਂ ਜਾਣਦੇ ਪੰਜਾਹ ਪਰਸੈਂਟ ਹੈ।

ਸਾਰੇ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਲਈ ਖਾਸ ਕਰਕੇ ਬੱਚਿਆਂ ਲਈ ਜੋ ਆਪਣੇ ਮਾਪਿਆਂ ਨਾਲ ਇਥੇ ਆ ਕੇ ਵਸੇ ਹਨ, ਈ. ਐਸ. ਐਲ. ਦੀਆਂ ਸੇਵਾਵਾਂ ਲਈ ਹੋਰ ਪੈਸੇ ਦੀ ਲੋੜ ਹੈ। ਘਟੀਆਂ ਸੇਵਾਵਾਂ ਹੋਣ ਕਾਰਨ ਬਹੁਤ ਸਾਰੇ ਬੱਚਿਆਂ ਨੂੰ ਤਕਲੀਫਾਂ ਹੋ ਰਹੀਆਂ ਹਨ। ਕਿਉਂਕਿ E.S.L. ਲੋੜ ਹਰ ਸਕੂਲ ਜ਼ਿਲੇ ਵਿਚ ਵੱਖਰੀ ਹੈ। ਇਸ ਕਰਕੇ ਪੈਸੇ ਦੇਣ ਦਾ ਫਾਰਮੂਲਾ ਭੀ ਪਰੀਵਰਤਨਸ਼ੀਲ ਹੋਣਾ ਚਾਹੀਦਾ ਹੈ।

ਹੁਣ ਈ. ਐਸ. ਐਲ. ਦੇ ਪੈਸੇ ਇਕ ਸਪੈਸ਼ਲ ਵਿਦਿਆ ਵਿਭਾਗ 'ਚੋਂ ਆਉਂਦੇ ਹਨ। ਕਿਉਂਕਿ ਇਸ ਵਿਦਿਆ ਵਿਭਾਗ ਅੱਗੇ ਹੀ ਪੈਸੇ ਦੀ ਥੁੜ ਹੈ ਇਸ ਕਰਕੇ E.S.L. ਦੇ ਪਰੋਗਰਾਮ ਨੂੰ ਭੀ ਘਾਟਾ ਭੋਗਣਾ ਪੈਂਦਾ ਹੈ ਇਸ ਤੋਂ ਇਲਾਵਾ ਇਹ ਭੀ ਸਹੀ ਪਤਾ ਨਹੀਂ ਕਿ ਜੋ ਪੈਸੇ ਇਸ ਪਰੋਗਰਾਮ ਨੂੰ ਦਿੱਤੇ ਜਾਂਦੇ ਹਨ ਕੀ ਉਹ ਸਾਰੇ ਇਸਤੇ ਖਰਚੇ ਜਾਂਦੇ ਹਨ ਜਾਂ ਨਹੀਂ।

ਟਾਸਕ ਫੋਰਸ ਇਹ ਸਿਫਾਰਸ਼ ਕਰਦੀ ਹੈ ਕਿ ਐਨ. ਡੀ. ਪੀ. ਦੀ ਸਰਕਾਰ ਇਹ ਜ਼ਿਮੇਂਵਾਰੀ ਲਵੇ ਕਿ ਇਹ ਸਾਰੇ ਸਕੂਲ ਬੋਰਡਾਂ ਨੂੰ ਲੋੜ ਅਨੁਸਾਰ ਫੰਡ ਦੇਵੇਗੀ ਤਾਂ ਕਿ ਉਹ ਚੰਗੀ ਤਰ੍ਹਾਂ ਈ. ਐਸ. ਐਲ. ਦੀਆਂ ਲੋੜਾਂ ਦੀ ਪੂਰਤੀ ਕਰ ਸਕੇ।

ਘਰ ਅਤੇ ਸਕੂਲ ਵਿਚ ਰਿਸ਼ਤਾ ਰਖਣ ਵਾਲੇ ਕਾਮੇ ਦੀ ਭੀ ਅਤੀ ਲੋੜ ਹੈ। ਇਹ ਕਾਮਾ ਸਾਰੀ ਕਮਿਊਨਿਟੀ ਦੀਆਂ ਲੋੜਾਂ ਅਤੇ ਮੌਕੇ ਲੱਭਕੇ ਦੇਵੇ। ਇਸ ਨਾਲ ਸਾਰੇ ਪਰਵਾਰ ਨੂੰ ਸੇਵਾ ਮਿਲ ਸਕਦੀ ਹੈ।

ਐਨ. ਡੀ. ਪੀ. ਦੀ ਸਰਕਾਰ ਤੋਂ ਟਾਸਕ ਫੋਰਸ ਮੰਗ ਕਰਦੀ ਹੈ ਕਿ ਉਹ ਹਰ ਸਕੂਲ ਬੋਰਡ ਨੂੰ ਘਰ-ਸਕੂਲ ਕਾਮਿਆਂ ਨੂੰ ਰੱਖਣ ਲਈ ਪਰੇਰੇ ਤਾਂ ਕਿ ਦੂਸਰੇ ਮੁਲਕਾਂ ਵਿਚੋਂ ਆਏ ਵਿਦਿਆਰਥੀਆਂ ਤੇ ਮਾਪਿਆਂ ਨੂੰ ਯੋਗ ਢੰਗ ਨਾਲ ਵਿਦਿਆ ਹਾਸਲ ਕਰਨ ਵਿਚ ਸਹੂਲਤ ਹੋ ਜਾਵੇ।

## ਯਾਦਾਂ ਦੀ ਖੁਸ਼ਬੋ

ਡਾ: ਸਾਧੂ ਸਿੰਘ ਹਮਦਰਦ

ਇਹ ਵੀ ਉਸ ਦਾ ਕਮਾਲ ਹੁੰਦਾ ਏ।
ਦੂਰ ਰਹਿ ਕੇ ਵੀ ਨਾਲ ਹੁੰਦਾ ਏ।

ਤੰਗ ਰਿੰਦਾਂ ਦਾ ਹਾਲ ਹੁੰਦਾ ਏ।
ਦਿਲ ਉਨ੍ਹਾਂ ਦਾ ਵਿਸ਼ਾਲ ਹੁੰਦਾ ਏ।

ਅਪਣੀ ਅਪਣੀ ਪਸੰਦ ਹੁੰਦੀ ਏ।
ਅਪਣਾ ਅਪਣਾ ਖਿਆਲ ਹੁੰਦਾ ਏ।

ਮੂੰਹ ਤੇ ਹੁੰਦੀ ਹੈ ਮੁਸਕਰਾਹਟ ਵੀ
ਤੇਰਾ ਗੁੱਸਾ ਕਮਾਲ ਹੁੰਦਾ ਏ।

ਖੂਬਸੂਰਤ ਕੋਈ ਨਹੀਂ ਹੁੰਦਾ।
ਖੂਬਸੂਰਤ ਖਿਆਲ ਹੁੰਦਾ ਏ।

ਇਸ਼ਕ ਤੋਂ ਮੁੜਨ ਦੀ ਉਮੀਦ ਨ ਰਖ
ਇਸ ਦਾ ਮੁੜਨਾ ਮੁਹਾਲ ਹੁੰਦਾ ਏ।

ਇਕ ਛੁਰੀ ਬਣ ਗਈ ਅਦਾ ਤੇਰੀ
ਜਿਸ ਨੂੰ ਵੇਖੋ ਹਲਾਲ ਹੁੰਦਾ ਏ।

ਹਰ ਕਿਸੇ ਤੋਂ ਤਿਰੀ ਮੁਹੱਬਤ ਵਿਚ
ਮਰ ਕੇ ਕਿੱਥੇ ਵਖਾਲ ਹੁੰਦਾ ਏ।

ਲਿਸ਼ਕਦੀ ਏ ਜਦੋਂ ਵੀ ਤੇਗ ਤਿਰੀ
ਮੇਰੇ ਮੂੰਹ ਤੇ ਜਲਾਲ ਹੁੰਦਾ ਏ।

ਉਸਨੂੰ ਰਹਿੰਦਾ ਨਹੀਂ ਕਿਸੇ ਦਾ ਖਿਆਲ
ਜਿਸਨੂੰ ਤੇਰਾ ਖਿਆਲ ਹੁੰਦਾ ਏ।

ਜਗ 'ਚ 'ਹਮਦਰਦ' ਹਰ ਬੁਲੰਦੀ ਨੂੰ
ਇਕ ਨ ਇਕ ਦਿਨ ਜ਼ਵਾਲ ਹੁੰਦਾ ਏ।


**ਜਗਦੀਸ਼ ਸਿੰਘ** ਨੋਟਰੀ ਪਬਲਿਕ
(ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ
**ਇਮੀਗਰੇਸ਼ਨ ਸਲਾਹਕਾਰ**

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—
- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੋਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੇਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

**ਅਤੇ ਇਮੀਗਰੇਸ਼ਨ**
ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

#201 - 2001 East 36th Ave. [at victoria]
Vancouver, B.C. V5P 1C9

Off. 324-6727
Res. 324-4160



**A.M.C. Carpet Ltd.**
12983-80th. Ave., Surrey, B.C
**Carpet-Vinyl-Hardwood** All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ
ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ
ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

**Free Estimate —**
ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :
**Phone for appointment**



AMARJIT SINGH CHAHAL

**Off. 594-6141**
**Res. 594-7595** **Pager 680-0214**



**BOMBAY SWEETS**
**& Restaurants**
6556 - 6560 MAIN ST. VANCOUVER
**Ph. 321-1414**
**874-5722**
For Largest Variety in Indian Sweets
*Delicious Indian food*



**Star Drywall Construction Co. Ltd.**
- Complete Drywall Service
- Guaranteed Work
- Free Estimates

**Sahib or Nake**
**Ph. (604) 590-2501**
P.O.BOX 639
SURREY, B.C. V3T 5L9

# ਗੋਰਖਾ ਲੈਂਡ ਅੰਦੋਲਨ ਨੂੰ ਕਰਾਰੇ ਹੱਥਾਂ ਨਾਲ ਲਵਾਂਗੇ — ਬਾਸੂ

ਪਿਛਲੇ ਦਿਨੀਂ ਪੱਛਮੀ ਬੰਗਾਲ ਦੀ ਖੱਬਾ ਮੋਰਚਾ ਸਰਕਾਰ ਦੇ ਮੁਖ ਮੰਤਰੀ ਕਾਮਰੇਡ ਜਿਓਤੀ ਬਾਸੂ ਨੇ ਇਕ ਬਿਆਨ ਵਿਚ ਇਹ ਗੱਲ ਕਹੀ। ਉਹਨਾਂ ਅਨੁਸਾਰ ਗੋਰਖਾਲੈਂਡ ਦੀ ਮੰਗ ਇਕ ਦੇਸ਼ ਵਿਰੋਧੀ ਮੰਗ ਹੈ ਤੇ ਕੇਂਦਰ ਸਰਕਾਰ ਇਸ ਵਲ ਕੋਈ ਧਿਆਨ ਨਹੀਂ ਦੇ ਰਹੀ। ਸਗੋਂ ਕਈ ਕਾਂਗਰਸੀ ਲੀਡਰਾਂ ਦੀ ਗੋਰਖਾਲੈਂਡੀ ਵਖਵਾਦੀਆਂ ਨੂੰ ਹਿਮਾਇਤ ਪ੍ਰਾਪਤ ਹੈ। ਉਹਨਾਂ ਕਿਹਾ ਕਿ ਗੋਰਖਾਲੈਂਡ ਦੀ ਮੰਗ ਕਰਨ ਵਾਲਾ ਸੁਭਾਸ਼ ਘਿਸਿੰਗ ਅਜ ਦੇ ਪੰਜਾਬ ਦੇ ਗਵਰਨਰ ਦੇ ਲਈ ਜਦੋਂ ਉਹ ਦਾਰਜੀਲਿੰਗ ਇਲਾਕੇ ਤੋਂ ਪਾਰਲੀਮੈਂਟ ਦੇ ਲਈ ਚੋਣ ਲੜ ਰਿਹਾ ਸੀ ਤਾਂ ਇਹੀ ਘਿਸਿੰਗ ਉਸਦੇ ਪਰਚਾਰ ਲਈ ਮੁਖ ਕਰਤਾ ਧਰਤਾ ਸੀ। ਇਹਨਾਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਇਹ ਕਾਂਗਰਸ ਦੀਆਂ ਆਪਣੀਆਂ ਨੀਤੀਆਂ ਸਦਕਾ ਹੀ ਬੰਗਾਲ ਵਿਚ ਵਖਵਾਦੀਆਂ ਨੂੰ ਪੱਠੇ ਪਾਏ ਜਾ ਰਹੇ ਹਨ।

ਇਹ ਸਾਰਾ ਕੁਝ ਇਸ ਕਰਕੇ ਹੋ ਰਿਹਾ ਹੈ ਕਿ ਖੱਬਾ ਜਮਹੂਰੀ ਮੋਰਚਾ ਸਰਕਾਰ ਦੀਆਂ ਲੋਕਪੱਖੀ ਨੀਤੀਆਂ ਜਿਨ੍ਹਾਂ ਸਦਕਾ ਤਕਰੀਬਨ ਪਿਛਲੇ ਇਕ ਦਹਾਕੇ ਤੋਂ ਲੋਕਾਂ ਵਿਚ ਪ੍ਰੇਮ ਭਾਵ ਤੇ ਵਖ ਵਖ ਧਰਮਾਂ ਅਤੇ ਵਰਗਾਂ ਦੇ ਲੋਕਾਂ ਵਿਚ ਸ਼ਾਂਤੀ ਅਤੇ ਸੁਹਿਰਦਤਾ ਵਧੀ ਹੈ ਤੇ ਖੱਬਾ ਮੋਰਚਾ ਸਰਕਾਰ ਲੋਕਾਂ ਵਿਚ ਹਰਮਨ ਪਿਆਰੀ ਹੈ ਜੋ ਮੁਖ ਵਿਰੋਧੀ ਇਂ: ਕਾਂਗਰਸੀਆਂ ਲਈ ਇਕ ਚੁਣੌਤੀ ਸਾਬਤ ਹੋ ਰਹੀ ਹੈ। ਇਹ ਪੱਛਮੀ ਬੰਗਾਲ ਹੀ ਹੈ ਜਿਸਨੇ ਰਾਸ਼ਟਰੀ ਏਕਤਾ ਅਤੇ ਸਹਿਚਾਰ ਦੇ ਝੰਡੇ ਨੂੰ ਬੁਲੰਦ ਰਖਿਆ ਹੈ। ਕਾਮਰੇਡ ਬਾਸੂ ਨੇ ਕਿਹਾ ਕਿ "ਇਹ ਬੰਗਾਲ ਹੀਂ ਹੈ ਜਿਥੇ ਵੱਖ ਵੱਖ ਬੋਲੀਆਂ ਬੋਲਣ ਵਾਲੇ, ਵੱਖ ਵੱਖ ਫਿਰਕਿਆਂ ਅਤੇ ਧਰਮਾਂ ਵਾਲੇ ਲੋਕ ਸਦਭਾਵਨਾ ਨਾਲ ਜੀਵਨ ਬਸਰ ਕਰ ਰਹੇ ਹਨ ਤੇ ਇਹ ਸਭ ਕੁਝ ਪਿਛਲੇ ਦਸਾਂ ਸਾਲਾਂ ਵਿਚ ਹੀ ਸੰਭਵ ਹੋ ਸਕਿਆ ਹੈ ਕਿਉਂਕਿ ਇਹ ਖੱਬਾ ਮੋਰਚਾ ਸਰਕਾਰ ਹੀ ਹੈ ਜੋ ਅਮਲੀ ਰੂਪ ਵਿਚ ਧਰਮ ਨਿਰਪਖ ਅਤੇ ਭੇਦ ਭਾਵ ਰਹਿਤ ਸ਼ਾਸਨ ਪ੍ਰਬੰਧ ਚਲਾ ਰਹੀ ਹੈ। ਪੱਛਮੀ ਬੰਗਾਲ ਦੀ ਇਹ ਅਵਸਥਾ ਫੁਟ ਪਾਊ ਇੰਦਰਾ ਕਾਂਗਰਸੀਆਂ ਨੂੰ ਭਾਉਂਦੀ ਨਹੀਂ। ਇਹ ਗੋਰਖਾ ਲੈਂਡੀਏ ਕਾਂਗਰਸ ਦੇ ਹੀ ਦੁਮਛੱਲੇ ਹਨ ਪਰ ਅਸੀਂ ਇਹਨਾਂ ਨੂੰ ਭਾਂਜ ਦੇਣ ਲਈ ਲੋਕ ਸ਼ਕਤੀਆਂ ਨੂੰ ਤੇ ਲੋਕ ਏਕੇ ਨੂੰ ਮਜ਼ਬੂਤ ਕਰਾਂਗੇ

## ਉਨ੍ਹਾਂ ਕਿਹਾ ਸੀ

* ਜੋ ਦੂਜਿਆਂ ਲਈ ਮਰਦਾ ਹੈ ਉਹ ਸਦਾ ਜਿਊਂਦਾ ਹੈ। ਜੋ ਆਪਣੇ ਲਈ ਮਰਦਾ ਹੈ ਉਹ ਸਦਾ ਲਈ ਮਰ ਜਾਂਦਾ ਹੈ—ਭਗਤ ਸਿੰਘ
* ਗਰੀਬ ਜੇ ਆਪਣੀ ਮਾੜੀ ਕਿਸਮਤ ਤੇ ਰੋਣ ਲੱਗ ਪਵੇ ਤਾਂ ਉਹ ਆਪਣੇ ਹੰਝੂਆਂ ਵਿਚ ਹੀ ਡੁੱਬਕੇ ਮਰ ਜਾਵੇਗਾ।
* ਕਾਇਰ ਵਾਰ ਵਾਰ ਮਾਰਦਾ ਹੈ ਪਰ ਵੀਰ ਇਕ ਵਾਰ ਮਾਰਦਾ ਹੈ—ਭਗਤ ਸਿੰਘ

# ਇੰਡੋ-ਕੈਨੇਡੀਅਨ ਕਮਿਊਨਿਟੀ ਵਲੋਂ ਬੌਬ ਵੈਨਮਨ ਲਈ ਡਿਨਰ



ਬੀ. ਸੀ. ਦੇ ਅਟੌਰਨੀ ਜਨਰਲ ਮਿ: ਬਰਾਇਨ ਸਮਿਥ ਨਾਲ ਪ੍ਰਸਿੱਧ ਮਿੱਲ ਮਾਲਕ ਜੈਕ ਉਪਲ ਅਤੇ ਸ੍ਰੀ ਮਲਕੀਤ [illegible]ਹਾਰ



ਜੈਕ ਉਪਲ ਬੌਬ ਵੈਨਮਨ ਨਾਲ

ਵੈਨਕੂਵਰ — ਫਰੇਜ਼ਰ ਵੈਲੀ ਦੇ ਮੈਂਬਰ ਪਾਰਲੀਮੈਂਟ ਮਿ: ਬੌਬ ਵੈਨਮਨ ਲਈ ਇੰਡ-ਕੈਨੇਡੀਅਨ ਕਮਿਊਨਿਟੀ ਵਲੋਂ ਡਿਨਰ ਦਿਤਾ ਗਿਆ ਜਿਸ ਵਿਚ ਬੀ. ਸੀ. ਦੇ ਅਟੌਰਨੀ ਜਨਰਲ ਮਿ: ਬਰਾਇਨ ਸਮਿਥ ਵੀ ਸ਼ਾਮਲ ਹੋਏ।

100 ਦੇ ਕਰੀਬ ਮਹਿਮਾਨਾਂ ਨੇ ਮਿ: ਸਮਿਥ ਅਤੇ ਮਿ: ਬੌਬ ਵੈਨਮਿਨ ਨਾਲ ਖਾਣਾ ਖਾਧਾ। ਇਹ ਡਿਨਰ 'ਮੁਗਲ ਗਾਰਡਨ' ਵੈਨਕੂਵਰ ਵਿਚ ਕੀਤਾ ਗਿਆ।

GM

WESTMINSTER
CHEVROLET OLDSMOBILE

"we run a very simple business"
Telephone (604) 521-7731

1984 ਦੇ ਗਰੈਂਡ ਸੇਲਜ਼ ਮਾਸਟਰ

ਸਾਡੇ ਕੋਲ ਨਵੀਂਆਂ, ਪੁਰਾਣੀਆਂ ਕਾਰਾਂ, ਸਪੋਰਟਸ ਕਾਰਾਂ, ਪਿਕ ਅਾਪ ਆਦਿ ਹਨ।
ਆਪ ਆਪਣੀ ਕਾਰ ਵੇਚਣ ਜਾਂ ਖ਼ੀਦਣ ਤੋਂ ਪਹਿਲਾਂ ਇਕ ਵਾਰੀ
ਗੁਰਜੀਤ ਬਾਵਾ ਨੂੰ ਮਿਲੋਂ
ਜਾਂ ਫੂਨ ਜ਼ਰੂਰ ਕਰੋ। ਉਹ ਤੁਹਾਨੂੰ ਵਧੀਆ ਕੀਮਤ ਤੇ ਕਾਰ ਦਿਵਾਉਣਗੇ। ਉਹ ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਵੀ ਕਰਵਾਉਣਗੇ।



BUS. 521-7731
Pager 687-1985 ÷5531
12th. Street at Queens Ave., New Westminster - B.C.



ਗੁਰਜੀਤ ਢੀਂਡਸਾ ਬਾਵਾ

ਪ੍ਰਿਤਪਾਲ ਸਿੰਘ ਨਰਵਾਲ
ਨੋਟਰੀ ਪਬਲਿਕ
FORMER (ADVOCATE & OATH COMMISSIONER) PB & HARYANA HIGHCOURT
PREFERRED AREA OF PRACTICE:

- ਘਰ ਵੇਚਣ ਤੇ ਖ਼ੀਦਣ ਦੇ ਕਾਗਜ਼
- ਮੋਡਗੇਜ਼ ਸੰਬੰਧੀ ਹਰ ਤਰ੍ਹਾਂ ਦੇ ਕਾਗਜ਼ਾਤ ਤਿਆਰ ਕਰਨੇ
- ਕਾਪੀਆਂ ਸੰਬੰਧੀ
- ਲੀਜ਼ ਦੇ ਕਾਗਜ਼ ਬਣਾਉਣੇ
- ਕਮਰਸ਼ੀਅਲ ਕਨਟਰੈਕਟ ਬਣਾਉਣੇ
- ਬਿਆਨ ਹਲਫੀਆ
- ਮੁਖਤਿਆਰਨਾਮੇ
- ਪਾਸਪੋਰਟ ਤੇ ਨਾਂ ਬਦਲੀ ਕਰਨਾ ਆਦਿ
- ਸੌਂਹ ਖਾਣ ਸੰਬੰਧੀ ਕਾਰਵਾਈ ਨਿਭਾਉਣੀ
- ਦਸਤਖਤ ਅਟੈਸਟ ਕਰਾਉਣੇ

OFF & RES. 325-4744 [24 hours]
6415 MAIN ST. VANCOUVER, B.C. (AT 48th. Ave.)



ਪ੍ਰਿਤਪਾਲ ਸਿੰਘ

ਨਰਵਾਲ ਇਨਸ਼ੋਰੈਂਸ ਏਜੰਸੀ

ਹਰ ਕਿਸਮ ਦੇ ਇਨਸ਼ੋਰੈਂਸ
- ਨਵੇਂ ਕਰਾਉਣੇ
- ਸੇਫ ਡਰਾਈਵਿੰਗ ਕਾਰਨ ਕਟੌਤੀ
- ਕਾਰਾਂ, ਟਰੱਕਾਂ ਤੇ ਵੈਨਾਂ ਆਦਿ
- ਪਲੇਟਾਂ ਤੇ ਡੇਕਲ ਆਦਿ
- ਆਪਣੇ ਘਰ ਦੀ ਇਨਸ਼ੋਰੈਂਸ ਕਰਾਉਣ ਤੋਂ ਪਹਿਲਾਂ ਰੇਟ ਜ਼ਰੂਰ ਚੈੱਕ ਕਰੋ

Autoplan

call: Narwal or Zarina Ph. 324-4944
Open: Mon. to Sat. — 9.00 a.m. - 5.00 p.m.
6415 Main St.(at 48th Ave.), Vancouver



ਸਰੀ ਦੇ ਮੇਅਰ ਰੌਸ, ਐਲਡਰਮੈਨ ਗੈਰੀ ਵਾਟਕਿਨ ਅਤੇ ਜੂਡੀ ਹੈਡਿੰਗਟਨ ਤੇ ਭਲਿੰਦਰ ਮੁੰਡੀ



ਜੂਡੀ ਹੈਡਿੰਗਟਨ ਕਮਿਊਨਿਟੀ ਨੂੰ ਸੰਬੋਧਤ

# ਸਰੀ ਦੇ ਮੇਅਰ ਅਤੇ ਐਲਡਰਮੈਨ ਸ਼ਾਮਲ ਹੋਏ

ਸਰੀ — ਇੰਡੋ-ਕੈਨੇਡੀਅਨ ਕਮਿਊਨਿਟੀ ਵਲੋਂ ਸਰੀ ਦੇ ਮੇਅਰ ਡੌਨ ਰੌਸ ਅਤੇ ਉਨ੍ਹਾਂ ਦੇ ਸਾਥੀ ਐਲਡਰਮੈਨਾਂ ਨੂੰ ਪਿਛਲੇ ਸ਼ਨਿਚਰਵਾਰ ਕਮਿਊਨਿਅੀ .ਐਲਡਰਮੈਨਾਂ ਨੂੰ ਪਿਛਲੇ ਸ਼ਨਿਚਵਰਾਰ ਕਮਿਊਨਿਟੀ ਦੀਆਂ ਸਮੱਸਿਆਵਾਂ ਪ੍ਰਤੀ ਜਾਣੂ ਕਰਵਾਉਣ ਲਈ ਇਕ ਮੀਟਿੰਗ ਸੱਦੀ ਗਈ ਜਿਸ ਵਿਚ ਸਰੀ ਦੇ ਮੇਅਰ ਤੋਂ ਬਿਨਾਂ ਐਲਡਰਮੈਨ ਗੈਰੀ ਵਾਟਕਿਨ ਤੇ ਜੂਡੀ ਹੈਡਿੰਗਟਨ ਵੀ ਸ਼ਾਮਲ ਹੋਏ।

ਸ੍ਰੀ ਭਲਿੰਦਰ ਮੁੰਡੀ ਨੇ ਇੰਡੋ-ਕੈਨੇਡੀਅਨ ਕਮਿਊਨਿਟੀ ਦੀਆਂ ਸਮੱਸਿਆਵਾਂ ਬਾਰੇ ਬੋਲਦਿਆਂ ਕਿਹਾ ਕਿ ਘੱਟ ਗਿਣਤੀਆਂ ਨੂੰ ਜੌਬਾਂ ਦੇ ਮੌਕੇ ਦਿਤੇ ਜਾਣੇ ਚਾਹੀਦੇ ਹਨ ਅਤੇ ਸਿਟੀ ਹਾਲ ਵਿਚ ਵੀ ਇੰਡੋ-ਕੈਨੇਡੀਅਨਾਂ ਨੂੰ ਕੰਮ ਦਿਤੇ ਜਾਣੇ ਚਾਹੀਦੇ ਹਨ।

ਮੇਅਰ ਡੌਨ ਰੌਸ ਤੇ ਐਲਡਰਮੈਨਾਂ ਨੇ ਇਹ ਭਰੋਸਾ ਦਿਤਾ ਕਿ ਸਾਰੀਆਂ ਘੱਟ ਗਿਣਤੀ ਕਮਿਊਨਿਟੀਆਂ ਦੇ ਲੋਕਾਂ ਨੂੰ ਜ਼ਰੂਰ ਅਜਿਹੇ ਮੌਕੇ ਦਿਤੇ ਜਾਣਗੇ।

ਮੀਟਿੰਗ ਵਿਚ 100 ਦੇ ਕਰੀਬ ਇੰਡੋ ਕੈਨੇਡੀਅਨ ਸ਼ਾਮਲ ਸਨ।

ਸ੍ਰੀ ਗੁਰਚਰਨ ਰਾਮਪੁਰੀ ਨੇ ਮੀਟਿੰਗ ਦੇ ਅੰਤ ਉਤੇ ਇੰਡੋ-ਕੈਨੇਡੀਅਨ ਕਮਿਊਨਿਟੀ ਵਲੋਂ ਮੇਅਰ ਰੌਸ ਅਤੇ ਐਲਡਰਮੈਨਾਂ ਦਾ ਧੰਨਵਾਦ ਕੀਤਾ।

# ਈਸਟ ਇੰਡੀਅਨ ਵਰਕਜ਼ ਐਸੋ: ਆਫ ਕੈਨੇਡਾ ਕੌਪ ਦੀ ਮਦਦ ਕਰੇਗੀ

## ਰੰਗਾ ਰੰਗ ਪ੍ਰੋਗਰਾਮ 4 ਅਕਤੂਬਰ ਨੂੰ

ਕੌਪ ਦੀ ਮਦਦ ਲਈ ਫੰਡ ਇਕੱਠਾ ਕਰਨ ਲਈ ਈ: ਇ: ਵਰ: ਐਸੋ: ਆਫ ਕੈਨੇਡਾ ਨੇ ਇਕ ਸਮਾਗਮ ਦਾ ਆਯੋਜਨ ਕੀਤਾ ਹੈ। ਦੱਸਿਆ ਗਿਆ ਹੈ ਕਿ ਇਹ ਸਮਾਗਮ ਵੈਨਕੂਵਰ ਵਿਚ 4 ਅਕਤੂਬਰ ਨੂੰ ਕੀਤਾ ਜਾਏਗਾ। ਇਸ ਵਿਚ ਲੋਕ ਕਲਾ ਕੇਂਦਰ ਦਾ ਮਸ਼ਹੂਰ ਭੰਗੜਾ ਛੋਟੇ ਬੱਚਿਆਂ ਦਾ ਭੰਗੜਾ ਹੋਵੇਗਾ। ਮੇਅਰ ਪਦ ਲਈ ਉਮੀਦਵਾਰ ਲੋਕ ਹੱਕਾਂ ਦਾ ਰਾਖੇ ਤੇ ਵੈਨਕੂਵਰ ਦੇ ਹਰਮਨ ਪਿਆਰੇ ਆਲਡਰਮੈਨ ਹੈਰੀ ਰੈਂਕਨ ਆਪਣਾ ਭਾਸ਼ਨ ਦੇਣਗੇ।

ਇਸ ਸਮੇਂ ਭਾਰਤੀ ਖਾਣੇ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਈ: ਇੰਡੀਅਨ ਵਰਕਜ਼ ਐਸੋ: ਸਾਰੇ ਵੈਨਕੂਵਰ ਨਿਵਾਸੀਆਂ ਨੂੰ ਤੇ ਖਾਸਕਰ ਪੰਜਾਬੀ ਕਮਿਊਨਿਟੀ ਨੂੰ ਕੌਪ ਦੀ ਮਦਦ ਕਰਨ ਲਈ ਸੱਦਾ ਦਿੰਦੀ ਹੈ ਤੇ ਨਾਲ ਹੀ 4 ਅਕਤੂਬਰ ਦੀ ਸ਼ਾਮ ਨੂੰ ਇਸ ਪਰੋਗਰਾਮ ਨੂੰ ਸਫਲ ਬਣਾਉਣ ਲਈ ਅਪੀਲ ਕਰਦੀ ਹੈ।

ਪ੍ਰੋਗਰਾਮ ਦਾ ਸਮਾਂ

**4 ਅਕਤੂਬਰ ਸ਼ਾਮ ਨੂੰ 6 ਵਜੇ**

ਸਥਾਨ :

**ਵਿਕਟੋਰੀਆ ਡਰਾਈਵ ਕਮਿਊਨਿਟੀ ਹਾਲ**
**2026 ਈਸਟ 43 ਐਵੇਨੀਊ, ਵੈਨਕੂਵਰ, ਬੀ. ਸੀ.**

- ਮਨੋਰੰਜਨ — ਲੋਕ ਕਲਾ ਕੇਂਦਰ
- ਭਾਰਤੀ ਖਾਣਾ

ਮੁਖ ਬੁਲਾਰਾ - ਹੈਰੀ ਰੈਂਕਨ (ਮੇਅਰ ਪਦ ਲਈ ਉਮੀਦਵਾਰ)

ਟਿਕਟ ਪ੍ਰਤੀ ਵਿਅਕਤੀ — 10 ਡਾਲਰ

ਹੋਰ ਜਾਣਕਾਰੀ ਲਈ ਫੋਨ ਕਰੋ :-

ਮਹਿੰਦਰ ਸੂਮਲ — 327-6461

## ਬਿੱਲੀ ਦੀਆਂ ਅੱਖਾਂ

ਜਰਮਨੀ ਦੇ ਇਕ ਪ੍ਰਸਿੱਧ ਉਦਯੋਗਪਤੀ ਦੀ ਕਿਸੇ ਹਾਦਸੇ ਵਿਚ ਦੋਵੇਂ ਅੱਖਾਂ ਜਾਂਦੀਆਂ ਰਹੀਆਂ। ਉਹਨੇ ਡਾਕਟਰਾਂ ਨੂੰ ਕਿਹਾ ਕਿ ਹਰ ਕੀਮਤ ਤੇ ਉਹਦੀਆਂ ਅੱਖਾਂ ਦੀ ਜੋਤ ਆਉਣੀ ਚਾਹੀਦੀ ਹੈ। ਡਾਕਟਰਾਂ ਨੇ ਤਜਰਬੇ ਦੇ ਤੌਰ ਤੇ ਉਹਦੀਆਂ ਅੱਖਾਂ ਦਾ ਅਪਰੇਸ਼ਨ ਕੀਤਾ ਤੇ ਬਿੱਲੀ ਦੀਆਂ ਅੱਖਾਂ ਲਗਾ ਦਿਤੀਆਂ। ਉਦਯੋਗਪਤੀ ਦੀ ਨਜ਼ਰ ਵਿਚ ਅਪਰੇਸ਼ਨ ਤੋਂ ਬਾਅਦ ਵਾਧਾ ਹੋ ਗਿਆ ਤੇ ਉਹ ਦਿਨ ਤੋਂ ਇਲਾਵਾ ਰਾਤ ਦੇ ਹਨੇਰੇ ਵਿਚ ਵੀ ਵੇਖਣ ਲੱਗਾ।


ਆਪਣੇ ਵਪਾਰ ਵਿਚ ਵਾਧੇ ਲਈ 'ਕੈਨੇਡਾ ਦਰਪਣ'
ਨੂੰ ਫੋਨ ਕਰੋ :
581-4473
(ਦਫਤਰ ਦਾ ਸਮਾਂ 10.00 ਤੋਂ 5 ਵਜੇ ਤੱਕ)



Kuldip S. Jhand

WHEATON
PONTIAC BUICK GMC LTD.
ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ
ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ
ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ
Bus. 526-2781
Res. 524-4137
Pager 687-7711 #7610
SUPER BUYS
325 - 12th St., New Westminster, B.C.

To protect your family, your mortgage, or to ensure your childrens' education, for an RRSP or an annuity, contact:
AVTAR S. RANDHAWA
B.A., B.T.



AVTAR S. RANDHAWA

Metropolitan Insurance Companies
AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.

D.P. Pandia & Associates
Immigration Consultants
Serving the Community Since 1939
Ph. (604) 684-3716 or 684-8601
# 61 - 553 Granville St., Vancouver, B.C.

ਕਰਨ ਲਈ ਆਪਣੇ ਦਮਨ ਨੂੰ ਇਸਲਾਮੀ ਧਰਮ ਦਾ ਕੁਫਰ ਵਿਰੁਧ ਜਹਾਦ ਦਸਦੇ ਇਸ ਇਸਲਾਮੀ ਸ਼ਾਵਨਵਾਦੀ ਮਾਹੌਲ ਤੇ ਜਬਰ ਦੇ ਹੁੰਦੇ ਸੁੰਦੇ ਵੀ ਗੁਰੂ ਸਾਹਿਬਾਨ ਨੇ ਆਪਣੀ ਮਾਨਵ ਹਿਤੂ ਵਿਚਾਰਧਾਰਾ ਦਾ ਪੱਲਾ ਨਹੀਂ ਛੱਡਿਆ, ਉਦਾਹਰਣ ਵਜੋਂ :

— ਦਰਬਾਰ ਸਾਹਿਬ ਦਾ ਨੀਂਹ ਪੱਥਰ ਰਖਣ ਲਈ ਗੁਰੂ ਸਾਹਿਬ ਜੀ ਨੇ ਇਕ ਮੁਸਲਮ ਸੰਤ ਮੀਆਂ ਮੀਰ ਜੀ ਨੂੰ ਚੁਣਿਆ ।

— ਸਾਰੇ ਧਰਮਾਂ ਤੇ ਜਾਤਾਂ ਨੂੰ ਸਮਾਨਤਾ ਪ੍ਰਦਾਨ ਕਰਨ ਲਈ ਦਰਬਾਰ ਸਾਹਿਬ ਦੇ ਚੌਹੀਂ ਪਾਸੀਂ ਦੁਆਰ ਰਖੇ ਤੇ ਸਾਰਿਆਂ ਨੂੰ ਇਸਦੇ ਦਰਸ਼ਨ ਦੀਦਾਰ ਦੀ ਖੁਲ੍ਹ ਦਿਤੀ ।

ਦਸਵੇਂ ਪਾਤਸ਼ਾਹ ਦੇ ਸਮੇਂ ਤਕ ਇਸਲਾਮ ਦੇ ਨਾਂ ਉਤੇ ਮੁਗਲ ਹਾਕਮਾਂ ਦਾ ਅਤਿਆਚਾਰ ਨਵੀਆਂ ਸਿਖਰਾਂ ਛੋਹ ਚੁਕਿਆ ਸੀ ਸ੍ਰੀ ਗੁਰੂ ਤੇਗ ਬਹਾਦਰ ਸ਼ਹੀਦੀ ਪ੍ਰਾਪਤ ਕਰ ਚੁਕੇ ਸਨ ਤੇ ਸਿੱਖਾਂ ਦੀ ਮੁਗਲ ਰਾਜ ਨਾਲ ਹਥਿਆਰਬੰਦ ਟੱਕਰ ਆਰੰਭ ਹੋ ਚੁਕੀ ਸੀ । ਜਿਸ ਵਿਚ ਗੁਰੂ ਸਾਹਿਬ ਨੇ ਆਪਣਾ ਸਾਰਾ ਸਰਬੰਸ ਵਾਰ ਦਿਤਾ ਸੀ ਏਡੇ ਵੱਡੇ ਦੁਖਾਂਤ ਤੋਂ ਬਾਅਦ ਵੀ ਦਸਮ ਗੁਰੂ ਸਾਹਿਬ ਦੀ ਬਾਣੀ ਵਿਚ ਕਿਧਰੇ ਇਸਲਾਮੀ ਧਰਮ ਜਾਂ ਮੁਸਲਮ ਜਨਤਾ ਵਿਰੁਧ ਘਿਰਨਾ ਦਾ ਇਕ ਸ਼ਬਦ ਵੀ ਨਹੀਂ ਮਿਲਦਾ । ਉਹ ਫੇਰ ਵੀ ਸਰਬਤ ਦਾ ਭਲਾ ਹੀ ਲੋਚਦੇ ਰਹੇ ।

**ਮੁਸਲਮ ਸ਼ਰਧਾਲੂ**

ਇਹੋ ਕਾਰਨ ਸੀ ਜਿਥੇ ਲੱਖਾਂ ਪੀੜਤ ਹਿਂਦੂ ਸਿੰਘ ਸਜ ਰਹੇ ਸਨ, ਉਥੇ ਗੁਰੂ ਸਾਹਿਬ ਦੇ ਅਨੇਕਾਂ ਮੁਸਲਮਾਨ ਪੈਰੋਕਾਰ ਤੇ ਸ਼ਰਧਾਲੂ ਵੀ ਉਹਨਾਂ ਨਾਲ ਖੜੇ ਸਨ ਉਦਾਹਰਣ ਵਜੋਂ ਭੰਗਾਣੀ ਦੇ ਯੁਧ ਵਿਚ ਸਿੰਘਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਢੌਰੇ ਵਾਲੇ ਸਾਈਂ ਬੁਧੂ ਸ਼ਾਹ ਦੇ 700 ਮੁਸਲਮਾਨ ਮਰੀਦ ਤੇ ਚਾਰੇ ਪੁਤਰ ਸ਼ਾਹੀ ਫੌਜਾਂ ਵਿਰੁਧ ਲੜੇ ਜਦੋਂ ਅਨੇਕ ਕਸ਼ਟ ਝਲਣ ਤੋਂ ਬਾਅਦ ਗੁਰੂ ਸਾਹਿਬ ਤੇ ਹੋਰ ਸਿੰਘਾਂ ਨੇ ਅਨੰਦਪੁਰ ਦਾ ਕਿਲ੍ਹਾ ਛੱਡ ਮਾਲਵੇ ਵੱਲ ਚਾਲੇ ਪਾਏ ਤਾਂ ਸ਼ਾਹੀ ਫੌਜ ਉਹਨਾਂ ਦਾ ਪਿਛਾ ਕਰ ਰਹੀ ਸੀ ਉਸ ਖਤਰਨਾਕ ਅਵਸਥਾ ਵਿਚ ਭੱਠਾ ਸਾਹਿਬ ਵਿਚ ਗੁਰੂ ਸਾਹਿਬ ਨੂੰ ਪਨਾਹ ਦੇਣ ਵਾਲਾ ਇਕ ਮੁਸਲਮਾਨ ਪਠਾਨ ਸਰਦਾਰ ਸੀ ਬਾਅਦ ਵਿਚ ਚਮਕੌਰ ਸਾਹਿਬ ਦੀ ਗੜ੍ਹੀ ਦੇ ਸ਼ਾਹੀ ਫੌਜ ਦੇ ਘੇਰੇ ਵਿਚੋਂ ਗੁਰੂ ਸਾਹਿਬ ਨੂੰ "ਉਚਦਾ ਪੀਰ" ਬਣਾ ਕੇ ਬਾਹਰ ਲਿਜਾਣ ਵਾਲੇ ਦੋ ਮੁਸਲਮਾਨ ਭਰਾ ਨਬੀ ਖਾਂ ਤੇ ਗਨੀ ਖਾਂ ਸਨ ਮਾਛੀਵਾੜੇ ਦੇ ਜੰਗਲ ਵਿਚ ਜਦੋਂ ਮੁਗਲ ਫੌਜ ਦੀ ਇਕ ਟੁਕੜੀ ਨੇ ਗੁਰੂ ਸਾਹਿਬ ਨੂੰ ਮੁੜ ਘੇਰ ਲਿਆ ਤਾਂ ਉਹਨਾਂ ਦੀ ਪਹਿਚਾਣ ਕਰਨ ਲਈ ਉਹਨਾਂ ਦੇ ਬਚਪਨ ਦੇ ਫਾਰਸੀ ਦੇ ਉਸਤਾਦ ਮੌਲਵੀ ਨੂਰ ਦੀਨ ਨੂੰ ਲਿਆਂਦਾ ਗਿਆ ਤਾਂ ਉਸ ਨੇ ਪਹਿਚਾਣ ਕੇ ਵੀ ਇਹ ਕਹਿ ਦਿਤਾ ਕਿ ਇਹ "ਗੋਬਿੰਦ ਸਿੰਘ ਨਹੀਂ ਹੈ" । ਗੁਰੂ ਸਾਹਿਬ ਦੀ ਇਹ "ਮਾਨਵ ਸਭੈ ਏਕ" ਦੀ ਵਿਚਾਰਧਾਰਾ ਹੀ ਸੀ ਜਿਸ ਦੇ ਆਧਾਰ ਉਤੇ ਭਾਈ ਘਨੱਈਆ ਜੀ ਰਣਭੂਮੀ ਵਿਚ ਸਿੱਖ ਤੇ ਮੁਸਲਮਾਨ ਸਮੂਹ ਜ਼ਖਮੀਆਂ ਨੂੰ ਬਰਾਬਰ ਪਾਣੀ ਪਲਾਉਂਦੇ ਤੇ ਉਹਨਾਂ ਦੀ ਮਰਹਮ ਪੱਟੀ ਕਰਦੇ ਸਨ ਇਸ ਦਰਿਸ਼ਟੀ ਦੀ ਪੁਸ਼ਟੀ ਦਸਮ ਪਾਤਸ਼ਾਹ ਦੀ ਬਾਣੀ ਇਹਨਾਂ ਸ਼ਬਦਾਂ ਵਿਚ ਕਰਦੀ ਹੈ :

**ਏਕ ਹੀ ਸਰੂਪ ਸਭੈ**

"ਦੇਹਰਾ ਮਸੀਤ ਸੋਈ,
ਪੂਜਾ ਓ ਨਮਾਜ ਓਈ ।
ਮਾਨਵ ਸਭੈ ਏਕ ਪੈ,
ਅਨੇਕ ਕੋ ਪ੍ਰਭਾਓ ਹੈ ।

ਦੇਵਤਾ, ਅਦੇਵ, ਜਛ,
ਤੁਰਕ, ਗੰਧਰਵ, ਹਿੰਦੂ,
ਨਿਆਰੇ ਨਿਆਰੇ ਦੇਸਨ ਕੇ,
ਭੇਸ ਕੋ ਪ੍ਰਭਾਓ ਹੈ —

ਏਕੇ ਨੈਨ, ਏਕੇ ਕਾਨ,
ਏਕੇ ਦੇਹ ਏਕੇ ਬਾਨ ।
ਖਾਰ, ਬਾਦ, ਆਬ ਓ,
ਆਤਸ਼ ਕਾ ਰਲਾਓ ਹੈ ।

ਅੱਲ੍ਹਾ ਅਭੇਖ ਸੋਈ
ਪੁਰਾਨ ਓ ਕੁਰਾਨ ਓਈ,
ਏਕ ਹੀ ਸਰੂਪ ਸਭੈ
ਏਕ ਹੀ ਬਣਾਓ ਹੈ ।

ਹੁਣ ਆਓ ਦਸਮ ਪਾਤਸ਼ਾਹ ਦੇ ਸਮੂਹ ਪੀੜਤ ਜਨਤਾ ਨੂੰ ਛਾਤੀ ਨਾਲ ਲਾਉਣ ਤੇ "ਮਾਨਸ ਕੀ ਜਾਤਿ ਸਭੈ ਏਕ ਹੀ ਪਹਿਚਾਨਬੋ" ਦੇ ਉਚੇ ਸੁਚੇ ਆਦਰਸ਼ਾਂ ਦਾ ਅਜੋਕੇ ਅਤਿਵਾਦੀ ਦਹਿਸ਼ਤਗਰਦਾਂ ਦੀ ਵਿਚਾਰਧਾਰਾ ਨਾਲ ਮੁਕਾਬਲਾ ਕਰੋ —

ਮਾਰਚ 1986 ਦੇ ਅੰਤਲੇ ਦਿਨਾਂ ਵਿਚ ਜਦੋਂ ਅਤਿਵਾਦੀਆਂ ਦੀ "ਪੰਥਕ ਪੰਜ ਮੈਂਬਰੀ ਕਮੇਟੀ" ਨੇ ਸ੍ਰੀ ਅਕਾਲ ਤਖਤ ਤੋਂ ਖਾਲਿਸਤਾਨ ਦਾ ਐਲਾਨ ਕੀਤਾ ਤਾਂ ਨਾਲ ਹੀ ਇਕ ਚਿੱਠੀ ਜਾਰੀ ਕੀਤੀ ਜਿਸ ਵਿਚ ਦਰਜ ਹੈ ਕਿ ਉਹ "ਸਮੂਹ ਸਰਕਾਰੀ ਪਿਠੂਆਂ ਤੇ ਹਿੰਦੂਆਂ" ਨੂੰ ਤਾੜਨਾ ਕਰਦੀ ਹੈ ਕਿ "ਉਹਨਾਂ ਦੇ ਕੁਕਰਮਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾਏਗਾ ਤੇ ਉਹਨਾਂ ਦੀ ਸੁਧਾਈ (ਭਾਵ ਕਤਲ) ਜ਼ਰੂਰ ਕੀਤੀ ਜਾਏਗੀ" ਹਿੰਦੂ ਪੰਜਾਬ ਦੀ ਆਬਾਦੀ ਦਾ ਅਧੇ ਹਨ । ਸਿੱਖਾਂ ਦੀ ਭਾਰੀ ਗਿਣਤੀ ਨੇ ਵੋਟਾਂ ਪਾ ਕੇ ਬਰਨਾਲਾ ਸਾਹਿਬ ਦੀ ਅਕਾਲੀ ਸਰਕਾਰ ਬਣਾਈ ਹੈ ਖਾਲਿਸਤਾਨ ਦੇ ਸਵਾਲ ਤੇ ਸਾਰੀਆਂ ਪਾਰਟੀਆਂ ਅਤਿਵਾਦ ਦੇ ਵਿਰੁਧ ਪੰਜਾਬ ਤੇ ਭਾਰਤ ਸਰਕਾਰ ਦੇ ਨਾਲ ਹਨ । ਇਸ ਲਈ ਸਾਫ ਹੈ ਕਿ ਪੰਥਕ ਕਮੇਟੀ "ਸੁਧਾਈ" ਇਹਨਾਂ ਸਾਰਿਆਂ ਦੀ ਹੀ ਕਰੇਗੀ, ਕਿਸੀ ਦੀ ਅਜ ਕਿਸੀ ਦੀ ਕਲ੍ਹ, ਫੇਰ ਸੋਚੋ ਬਚਿਆ ਕੌਣ ?

**"ਮਲੇਛ ਖਾਲਸਾ"**

1983 ਵਿਚ ਦਹਿਸ਼ਤਗਰਦਾਂ ਦੇ ਮੁਖੀ ਪ੍ਰੇਰਨਾ ਸਰੋਤ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਛਤਰ ਛਾਇਆ ਹੇਠ ਸਰਬ ਹਿੰਦ ਸਿੱਖ ਵਿਦਿਆਰਥੀ ਫੈਡਰੇਸ਼ਨ ਨੇ ਇਕ ਘੋਸ਼ਨਾ ਪੱਤਰ ਜਾਰੀ ਕਰਕੇ ਆਪਣੇ ਮੁਖ ਵੈਰੀ ਇਸ ਤਰ੍ਹਾਂ ਗਰਦਾਨੇ ਸਨ — ਪਹਿਲੇ ਨੰਬਰ ਉਤੇ ਹਿੰਦੂ ਸਾਮਰਾਜ ਭਾਵ ਸਮੂਹ ਹਿੰਦੂ ਵਸੋਂ — ਇਸ ਦੇ ਆਧਾਰ ਤੇ ਸੰਤ ਭਿੰਡਰਾਂਵਾਲੇ ਨੇ ਹਿਸਾਬ ਲਾਇਆ ਸੀ ਕਿ ਇਕ ਇਕ ਸਿੱਖ (ਸ਼ੇਰ) ਦੇ ਹਿੱਸੇ ਕੇਵਲ ਪੈਂਤੀ ਪੈਂਤੀ ਹਿੰਦੂ (ਭੇਡਾਂ) ਆਉਂਦੀਆਂ ਹਨ । ਦੂਜੇ ਨੰਬਰ ਦੇ ਦੁਸ਼ਮਣ ਕਮਿਊਨਿਸਟ ਗਿਣੇ ਗਏ, ਉਹ ਭਾਰਤ ਦੇ ਵੀ ਸੰਸਾਰ ਭਰ ਦੇ ਵੀ, ਭਾਵੇਂ ਕਮਿਊਨਿਸਟ ਪਾਰਟੀਆਂ ਸੰਸਾਰ ਦੇ ਤੀਸਰੇ ਹਿਸੇ ਤੇ ਰਾਜ ਕਰਦੀਆਂ ਹਨ ਤੇ ਹਰ ਥਾਵੀਂ ਪੀੜਤ ਜਨਤਾ ਹਿਤ ਜੂਝਦੀਆਂ ਹਨ । ਤੀਸਰੇ ਨੰਬਰ ਉਤੇ ਉਹ ਸਾਰੇ ਸ਼ਤਰੂ ਗਿਣੇ ਸਨ ਜੋ ਕਿਸੀ ਵੀ ਦੇਹਧਾਰੀ ਗੁਰੂ ਨੂੰ ਮੰਨਦੇ ਹੋਣ, ਭਾਵ ਸਾਰੇ ਰਾਧਾ ਸਵਾਮੀ, ਨਾਮਧਾਰੀ, ਨਿਰੰਕਾਰੀ ਆਦਿ — ਆਖਰ ਵਿਚ ਸਿੱਖ "ਪੰਥ ਦੇ ਗਦਾਰ" ਰਖੇ ਗਏ ਹਨ, ਜਿਨ੍ਹਾਂ ਵਿਚ ਇਕ ਸਮੇਂ ਸ਼ਹੀਦ ਸੰਤ ਲੌਂਗੋਵਾਲ ਨਾਲ ਬਾਦਲ ਤੇ ਟੌਹੜਾ ਵੀ ਸ਼ਾਮਲ ਸਨ, ਅਜ ਕਲ੍ਹ ਉਹਨਾਂ ਦਾ ਨੰਬਰ ਕੁਝ ਪਿਛੇ ਹੈ ਤੇ "ਗਦਾਰਾਂ" ਦੀ ਲਿਸਟ ਵਿਚ ਸਰਦਾਰ ਬਰਨਾਲਾ, ਬਲਵੰਤ ਸਿੰਘ ਤੇ ਉਹਨਾਂ ਦੇ ਸਮੂਹ ਹਮਾਇਤੀ ਹਨ ।

ਉਪਰੋਕਤ ਵਿਚੋਂ ਕੁਝ ਮਹੱਤਵਪੂਰਨ ਪ੍ਰਸ਼ਨ ਉਠਦੇ ਹਨ —

(1) ਕੀ ਕਿਸੀ ਵੀ ਸਿੱਖ ਗੁਰੂ ਸਾਹਿਬ ਨੇ ਕਿਸੀ ਦੂਸਰੇ ਧਰਮ ਦੇ ਸਮੂਹ ਪੈਰੋਕਾਰਾਂ ਨੂੰ ਦੁਸ਼ਮਣ ਗਿਣਿਆ ? (2) ਕੀ ਗੁਰੂ ਸਾਹਿਬਾਂ ਨੇ ਆਪਣੇ ਨਾਲ ਅਸਹਿਮਤ ਲੋਕਾਂ ਉਤੇ ਗਦਾਰੀ ਦੇ ਫਤਵੇ ਸਾਦਰ ਕਰਕੇ ਉਹਨਾਂ ਦੇ ਕਤਲ ਕਰਵਾਏ ? ਕੀ ਗੁਰੂ ਸਾਹਿਬਾਂ ਨੇ ਦੇਹ ਧਾਰੀ ਗੁਰੂਆਂ ਦੀ ਮਾਣਤਾ ਕਰਨ ਵਾਲਿਆਂ ਨੂੰ ਆਪਣਾ ਵੈਰੀ ਗਰਦਾਨਿਆ ? ਉਪਰੋਕਤ ਸਮੂਹ ਸਵਾਲਾਂ ਦਾ ਉਤਰ ਨਫੀ ਵਿਚ ਹੀ ਮਿਲਦਾ ਹੈ ।

ਫੇਰ ਕਿਸ ਗੁਰੂ ਦੇ ਸਿੱਖ ਹਨ ਇਹ ਦਹਿਸ਼ਤਗਰਦ ਅਤਿਵਾਦੀ ? ਅਵਸ਼ ਹੀ ਦਸ ਸਿੱਖ ਗੁਰੂ ਸਾਹਿਬਾਨ ਦੇ ਨਹੀਂ, ਸਗੋਂ ਗੱਲ ਉਲਟੀ ਹੈ, ਔਰੰਗਜ਼ੇਬ ਆਖਦਾ ਸੀ ਮੁਸਲਮਾਨ ਬਣੋ ਨਹੀਂ ਤੇ ਮਰਨਾ ਕਬੂਲ ਕਰੋ । ਦਹਿਸ਼ਤਗਰਦ ਆਖਦੇ ਹਨ ਖਾਲਿਸਤਾਨ ਮੰਨੋ ਨਹੀਂ ਤੇ ਮਰਨਾ ਕਬੂਲ ਕਰੋ — ਮੀਰ ਮੰਨੂੰ ਜਨਤਾ ਹਿਤ ਜੂਝਦੇ ਇਕ ਇਕ ਬਾਗੀ ਸਿੱਖ ਤੇ ਉਸਦੇ ਪ੍ਰਵਾਰ ਨੂੰ ਕਤਲ ਕਰਦਾ ਸੀ । ਦਹਿਸ਼ਤਗਰਦ ਇਕ ਖਾਲਿਸਤਾਨ ਨੂੰ ਭਾਲਦੇ ਹਨ ਤੇ ਉਸਦਾ ਤੇ ਲਗਦੀ ਵਾਹ ਉਸਦੇ ਪ੍ਰਵਾਰ ਦਾ ਕਤਲ ਕਰਦੇ ਹਨ । ਉਪਰੋਕਤ ਤੋਂ ਪਾਠਕ ਆਪ ਅੰਦਾਜ਼ਾ ਕਰਨ ਕਿ ਇਹ ਸਿੱਖ ਗੁਰੂ ਸਾਹਿਬਾਨ ਦੇ ਹਨ ਜਾਂ ਔਰੰਗਜ਼ੇਬ ਦੇ !

ਸ਼ਾਨਦਾਰ ਸਿੱਖ ਇਤਿਹਾਸ ਵਿਚ ਕਈ ਵੇਰੀ ਇਹੋ ਜਿਹੇ ਮੋੜ ਆਏ ਹਨ ਜਿਥੇ "ਸੰਤ ਖਾਲਸੇ" ਦੀ ਥਾਂ "ਮਲੇਛ ਖਾਲਸਾ" ਪ੍ਰਧਾਨਤਾ ਪ੍ਰਾਪਤ ਕਰ ਗਿਆ ਸੀ । ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਵੀ "ਮਲੇਛ ਖਾਲਸੇ" ਦੀ ਚੜ੍ਹਤ ਹੋਈ ਸੀ ਤੇ ਇਸ ਨੇ ਬੁਰਛਾਗਰਦੀ ਰਾਹੀਂ ਸਿੱਖ ਰਾਜ ਦੀਆਂ ਜੜ੍ਹਾਂ ਵਿਚ ਤੇਲ ਦਿਤਾ ਸੀ । ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਸਮੇਂ "ਸੰਤ ਖਾਲਸਾ" ਨੇ ਉਸ ਵਿਰੁਧ ਜੀਵਨ-ਮਰਨ ਦਾ ਘੋਲ ਲੜਿਆ । ਪਰ ਮਾਲਵੇ ਦੀਆਂ ਕੁਝ ਸਿੱਖ ਰਿਆਸਤਾਂ ਦੇ ਰਾਜੇ ਅਬਦਾਲੀ ਦੇ ਪੈਰੀਂ ਪਏ । ਇਸ ਸ਼ਤਾਬਦੀ ਦੇ ਅਰੰਭ ਵਿਚ ਜਿਹੜੇ ਨਾਮਧਾਰੀਕ ਸਿੱਖ ਆਗੂ ਦਰਬਾਰ ਸਾਹਿਬ ਉਤੇ ਕਾਬਜ਼ ਸਨ, ਉਹਨਾਂ ਦੇਸ਼ ਭਗਤ ਗਦਰੀ ਸੂਰਬੀਰਾਂ, ਜਿਨ੍ਹਾਂ ਨੂੰ ਬਗਾਵਤ ਦੇ ਦੋਸ਼ ਵਿਚ ਅੰਗਰੇਜ਼ ਨੇ ਫਾਂਸੀਆਂ ਤੇ ਕਾਲੇ ਪਾਣੀਆਂ ਦੀਆਂ ਸਜ਼ਾਵਾਂ ਦਿਤੀਆਂ ਸਨ, ਨੂੰ ਅਸਿਖ ਕਰਾਰ ਦਿਤਾ ਸੀ ਤੇ ਇਹਨਾਂ ਹੀ ਮਹਾਂਪੁਰਸ਼ਾਂ ਨੇ ਜਲ੍ਹਿਆਂਵਾਲੇ ਬਾਗ ਦੇ ਕਾਤਲ ਜਨਰਲ ਡਾਇਰ ਨੂੰ ਸਰੋਪਾ ਦਿਤਾ ਸੀ । 1947 ਵਿਚ ਜਿਨ੍ਹਾਂ ਸਿੱਖ ਫਸਾਦੀਆਂ ਨੇ ਦੂਜੇ ਫਿਰਕੇ ਦੇ ਮਾਸੂਮ ਤੇ ਨਿਰਦੋਸ਼ ਲੋਕਾਂ ਦਾ ਕਤਲੇਆਮ ਤੇ ਲੁੱਟਮਾਰ ਕੀਤਾ ਸੀ ਉਹ ਵੀ 'ਮਲੇਛ ਖਾਲਸੇ' ਦਾ ਹੀ ਪ੍ਰਤੀਕ ਸੀ ।

ਅਜ ਦੇ ਸਾਡੇ ਭੁਲੜ ਅਤਿਵਾਦੀ ਦਹਿਸ਼ਤਗਰਦ "ਸੰਤ ਖਾਲਸੇ' ਦੇ ਨਹੀਂ 'ਮਲੇਛ ਖਾਲਸੇ' ਦੇ ਪੈਰ ਚਿੰਨ੍ਹਾਂ ਉਤੇ ਚਲ ਰਹੇ ਹਨ । ਇਤਿਹਾਸਕ ਪੱਖ ਤੋਂ ਬੁਰਛਾਗਰਦੀ ਨੇ ਪੰਜਾਬ ਤੇ ਭਾਰਤ ਵਿਚ ਕਈ ਵੇਰ ਖੇਹ ਉਡਾਈ ਤੇ ਖੁਆਰ ਕੀਤਾ ਹੈ, ਪਰ ਇਹ ਸਫਲ ਕਦੇ ਨਹੀਂ ਹੋਈ, ਇਹੀਓ ਹਸ਼ਰ ਇਸਦਾ ਹੁਣ ਦੇ ਜੁਗ

---

ਸ੍ਰੀ ਮਾਨ ਜੀਉ,

ਸਤਿ ਸ੍ਰੀ ਅਕਾਲ । 'ਕੈਨੇਡਾ ਦਰਪਣ' ਬਾਰੇ ਮੇਰੇ ਭੁਲੇਖੇ ਦੂਰ ਹੋ ਗਏ ਹਨ ਅਤੇ ਮੈਨੂੰ ਦਰਪਣ ਇਕ ਅਗਾਂਹ ਵਧੂ, ਲੋਕ-ਤੰਤਰੀ ਪਰਚਾ ਪਰਤੀਤ ਹੋ ਰਿਹਾ ਹੈ । ਜਿਸ ਵਿਚ ਹਰ ਵੀਚਾਰਧਾਰਾ, ਜੋ ਤੰਦਰੁਸਤ ਹੋਵੇ, ਲਈਂ ਥਾਂ ਦਿਤੀ ਜਾ ਰਹੀ ਹੈ ।

ਵਾਹਿਗੁਰੂ ਇਸ ਪਰਚੇ ਨੂੰ ਵਧੇਰੇ ਹਰਮਨ ਪਿਆਰਾ ਬਣਾਵੇ, ਤਾਂਕਿ ਇਹ ਲੋਕ-ਹਿਤਾਂ ਦੀ ਰਾਖੀ ਲਈ ਆਵਾਜ਼ ਉਚੀ ਕਰ ਸਕੇ ।

ਇਕ ਸਮਾਜਕ ਲੇਖ 'ਜੋੜੀਆਂ ਜਗ ਥੋੜੀਆਂ' ਛਾਪਣ ਲਈ ਭੇਜ ਰਿਹਾ ਹਾਂ ਛਾਪ ਕੇ ਧੰਨਵਾਦੀ ਬਨਾਉਣਾ ।

ਆਪਜੀ ਦਾ ਸ਼ੁਭਚਿੰਤਕ
ਬੀ. ਐਸ. ਗਰੇਵਾਲ ।

---

# ਜੋੜੀਆਂ ਜਗ ਥੋੜੀਆਂ

**ਬੀ. ਐਸ. ਗਰੇਵਾਲ (ਪ੍ਰਿੰ: ਰੀਟਾਇਰਡ)**

ਮਲੂਮ ਹੁੰਦਾ ਹੈ, ਵਾਹਿਗੁਰੂ ਨੇ ਜੀਵ ਦੀ ਪਰਗਤੀ ਅਤੇ ਹੋਂਦ ਕਾਇਮ ਰਖਣ ਲਈ ਜੋੜੀਆਂ ਪੈਦਾ ਕੀਤੀਆਂ, ਜੋ ਉਸਦੇ ਹੁਕਮ (ਨਿਯਮਾਂ) ਅਧੀਨ ਕਾਰ-ਵਿਹਾਰ, ਜਨਮ ਤੋਂ ਲੈ ਕੇ ਮਰਨ ਤੱਕ ਕਰ ਰਹੀਆਂ ਹਨ । ਜੀਵਾਂ ਵਿਚੋਂ ਸਭ ਤੋਂ ਉਤਮ ਜਾਤੀ ਮਨੁਖ (ਇਨਸਾਨ) ਜਾਤੀ ਹੈ ਕਿਉਂਕਿ ਇਸ ਜਾਤੀ ਨੂੰ ਸਰੀਰ ਅਤੇ ਮਨ ਤੋਂ ਬਿਨਾਂ ਦਿਮਾਗ (ਅਕਲ) ਅਤੇ ਆਤਮਾ (ਜੋਤ) ਭੀ ਬਖਸ਼ੀਆਂ ਹਨ । ਮਨੁਖ ਜਾਤੀ ਲਈ ਵਿਆਹ (ਸ਼ਾਦੀ) ਇਕ ਮਹਿਤਵ ਸਮਾਜਕ ਲੋੜ ਹੈ । ਇਸ ਸਮਾਜਕ ਲੋੜ ਦੀ ਪੂਰਤੀ ਲਈ ਪੁਰਸ਼ - ਪਰਧਾਨ ਸਮਾਜ ਨੇ ਆਪਣੇ ਹਿਤਾਂ ਲਈ ਵਿਆਹ ਨੂੰ ਧਾਰਮਕ ਰੰਗਤ ਦੇ ਦੇ ਇਸ ਨੂੰ ਅਟੁਟ ਬਨਾਉਣ ਲਈ ਸੰਜੋਗ ਨੂੰ ਧੁਰੋਂ ਲਿਖਿਆ, ਮਿਥਿਆ ਹੋਇਆ ਦਰਸਾਇਆ ਹੈ । ਇਸੇ ਕਰਕੇ ਪੇਟਾਂ 'ਚ ਪਏ ਬੱਚਿਆਂ ਜਾਂ ਬਾਲ ਵਿਵਾਹ ਕਰ ਦਿਤੇ ਜਾਂਦੇ ਸਨ । ਜਿਉਂ ਜਿਉਂ ਜਾਗਰਤੀ ਆਉਂਦੀ ਗਈ, ਧਾਰਮਿਕ ਸੋਚ ਦੇ ਨਾਲ ਸਮਾਜਕ, ਆਰਥਕ ਦ੍ਰਿਸ਼ਟੀ ਕੋਣ ਭੀ ਅਪਨਾਏ ਜਾਣ ਲਗ ਪਏ । ਪਰ ਹਾਲੇ ਤਕ ਮਾਨਸਕ ਤੇ ਆਤਮਕ ਪਖੋਂ ਵਿਆਹ ਨੂੰ ਸੋਚਿਆ ਬਹੁਤ ਘੱਟ ਜਾਂਦਾ ਹੈ । ਇਸ ਸੋਚ ਤੋਂ ਬਿਨਾਂ ਜੋੜੀਆਂ ਜਗ ਥੋੜੀਆਂ ਹੀ ਰਹਿਣਗੀਆਂ ਅਤੇ ਨਰੜ ਬਥੇਰੇ ਹੋਣਗੇ । ਅਤੇ ਇਸ ਕਰਕੇ 'ਇਕ ਜੋਤ ਦੋ ਮੂਰਤੀ' ਹੋਣਾ ਅਸੰਭਵ ਹੋਵੇਗਾ । ਜੋ ਕਿ ਇਕ ਆਦਰਸ਼ ਵਿਆਹ ਹੋਣਾ ਚਾਹੀਦਾ ਹੈ । ਇਸ ਆਦਰਸ਼ ਸੰਜੋਗ ਦੀ ਪੂਰਤੀ ਲਈ ਜ਼ਰੂਰੀ ਹੈ ਕਿ ਅਸੀਂ ਵਿਆਹ ਨੂੰ ਸਮਾਜਕ, ਆਰਥਕ ਅਤੇ ਧਾਰਮਕ ਪਖੋਂ ਅਪਨਾਉਣ ਦੀ ਥਾਂ ਇਸ ਨੂੰ ਮਾਨਸਕ, ਆਤਮਕ ਅਤੇ ਵਿਗਿਆਨਕ ਪਖੋਂ ਅਪਨਾਈਏ । ਇਕ ਜੋਤ ਵਾਲੀ ਜੋੜੀ ਉਹ ਹੀ ਹੋ ਸਕਦੀ ਹੈ । ਜਿਸ ਇਸਤਰੀ ਪੁਰਸ਼ 'ਚ ਸੋਚ, ਸੁਭਾ ਅਤੇ ਸਰੀਰਕ ਇਕ-ਸੁਰਤਾ ਹੋਵੇਗੀ । ਜਿਸ ਵਿਚ ਸਾਂਝ ਹੋਵੇਗੀ ਪਿਆਰ ਦੀ, ਜੀਵਨ ਮਨੋਰਥ ਦੀ ਅਤੇ ਇਸ ਮਨੋਰਥ ਦੀ ਪ੍ਰਾਪਤੀ ਲਈ ਸਾਂਝੇ ਉਦਮ ਅਤੇ ਉਤਸ਼ਾਹ ਦੀ । ਵਰਤਮਾਨ ਸਥਿਤੀ ਚਿੰਤਾ-ਜਨਕ ਅਤੇ ਹਾਨੀਕਾਰਕ ਸਿਧ ਹੋ ਰਹੀ ਹੈ । ਕਿਉਂਕਿ ਜੋੜੀ ਦੀ ਚੋਣ ਅਤੇ ਵਿਆਹ ਦੀ ਰਸਮ 'ਚ ਲੋਭ - ਮੋਹ ਤੇ ਅਹੰਕਾਰ ਪਰਧਾਨ ਹਨ । ਜਾਤ ਬਰਾਦਰੀ ਅਤੇ ਆਰਥਕ ਲਾਭ ਮੁਖ ਰਖੇ ਜਾਂਦੇ ਹਨ । ਸੀਰਤ ਨਾਲੋਂ ਸੂਰਤ ਨੂੰ ਤਰਜੀਹ ਦਿਤੀ ਜਾਂਦੀ ਹੈ । ਮਿਠਤ ਨੀਮੀਂ ਨੂੰ ਗੁਣ ਚੰਗਿਆਈਆਂ ਦਾ ਤੱਤ ਸਮਝਿਆ ਨਹੀਂ ਜਾਂਦਾ । ਨਤੀਜਾ ਸਭ ਦੇ ਸਾਹਮਣੇ ਹੈ । ਕਸੂਰਵਾਰ ਵਧੇਰੇ ਕਰਕੇ ਮਾਪੇ ਹਨ । ਮਾਪਿਆਂ 'ਚੋਂ ਵਧੇਰੇ ਕਸੂਰ ਇਸਤਰੀ (ਸਸ - ਮਾਂ - ਭੈਣ) ਜਾਤ ਦਾ ਹੁੰਦਾ ਹੈ, ਜੋ ਆਪਣੀ ਜਾਤ (ਜਮਾਤ) ਨਾਲ ਵਧੀਕੀ ਕਰ ਰਹੀ ਹੁੰਦੀ ਹੈ । ਦਾਜ ਦੇ ਲੋਭ ਨੇ, ਸੁਭਾਵਾਂ ਦੇ ਪਾੜੇ ਕਾਰਨ ਅਤੇ ਨਾ-ਬਰਾਬਰੀ ਦੇ ਵਿਤਕਰੇ ਕਾਰਨ, ਸ਼ਾਦੀਆਂ, ਬਰਬਾਦੀਆਂ ਬਣ ਜਾਂਦੀਆਂ ਹਨ । ਸਵਰਗ ਤੋਂ ਨਰਕ, ਪਿਆਰ ਤੋਂ ਨਫਰਤ, ਜੋੜੀ ਤੋਂ ਨਰੜ ਅਤੇ ਜਿੰਦਗੀ ਤੋਂ ਮੌਤ, ਕਈ ਵਾਰ ਸਾਹਮਣੇ ਆ ਖਲੋਂਦੀ ਹੈ । ਬੱਚੇ ਪੈਦਾ ਤਾਂ ਹੋ ਜਾਂਦੇ ਹਨ ਪਰ ਪਲਦੇ, ਸਾਹ ਘੁਟਮੇਂ ਮਾਹੌਲ 'ਚ ਹਨ । ਸਖਸ਼ੀਅਤਾਂ ਬਣਦੀਆਂ ਨਹੀਂ, ਪਰਗਤੀ ਹੁੰਦੀ ਨਹੀਂ, ਸੁਖ ਸ਼ਾਂਤੀ, ਅਮਨ ਚੈਨ ਅਤੇ ਜੀਵ ਪਰਗਤੀ ਲਈ ਜ਼ਰੂਰੀ ਹੈ ਕਿ ਅਸੀਂ ਜੋੜੀਆਂ ਬਨਣ ਬਨਾਉਣ ਵੇਲੇ ਇਨਸਾਨੀ ਕਦਰੋ-ਕੀਮਤਾਂ, ਗੁਣ-ਚੰਗਿਆਈਆਂ, ਮਾਨਸਕ ਅਤੇ ਆਤਮਕ ਇਕ ਸੁਰਤਾ ਨੂੰ ਮੁਖ ਆਧਾਰ ਬਣਾਈਏ ।

ਨਿਰੋਲ ਸਰੀਰਕ -ਖਿਚ, ਜਿਸ ਨੂੰ ਕਈ ਪਿਆਰ ਖਿਚ ਭੀ ਕਹਿੰਦੇ ਹਨ । ਜੋੜੀ ਬਨਣ ਦਾ ਆਧਾਰ ਨਹੀਂ ਬਨਣਾ ਚਾਹੀਦਾ ਹੈ । ਕਿਉਂਕਿ ਇਹ ਆਰਜ਼ੀ

ਬਾਕੀ ਪੰਨਾ 14 ਉਤੇ

ਵਿਚ ਹੋਵੇਗਾ, ਇਸ ਲਈ ਹੋਰ ਕਿਸੀ ਉਗਾਹੀ ਦੀ ਲੋੜ ਨਹੀਂ । ਮਹਾਨ ਗੁਰੂ ਨਾਨਕ ਜੀ ਹੀ ਫਰਮਾ ਗਏ ਹਨ : "ਕੂੜ ਨਖੁੱਟੇ ਨਾਨਕਾ ਓੜਕ ਸੱਚ ਰਹੀ ।"




ਪਾਇਲ ਸਾੜ੍ਹੀ ਸੈਂਟਰ(1985) ਇਨਕ.
ਸਰੀ-ਡੈਲਟਾ ਦੇ ਪੰਜਾਬੀ ਬਾਜ਼ਾਰ ਵਿਚੋਂ :

● ਦਾਜ ਵਰੀ ਦਾ ਸਮਾਨ ● ਵਾਜ਼ਬ ਕੀਮਤ
● ਵੰਨ-ਸੁਵੰਨੇ ਡੀਜ਼ਾਈਨ ● ਲੇਟੈਸਟ ਵਰਾਇਟੀ
ਲੈਣ ਲਈ ਹਮੇਸ਼ਾਂ ਪਾਇਲ ਸਾੜ੍ਹੀ ਸੈਂਟਰ ਦਾ ਨਾਂ ਚੇਤੇ ਰੱਖੋ

ਇੰਡੀਆ ਤੋਂ ਕੱਪੜਿਆਂ ਦੀ ਨਵੀਂ ਸ਼ਿਪਮੈਂਟ ਆ ਰਹੀ ਹੈ ਜਿਸ ਵਿਚ ਨਵੇਂ ਨਵੇਂ ਡੀਜ਼ਾਈਨਾਂ ਵਿਚ ਸੂਟ ਸਾੜ੍ਹੀਆਂ ਦੁਪੱਟੇ ਵੰਗਾਂ ਆਦਿ ਮਿਲਣਗੀਆਂ ਵਿਆਹ ਸ਼ਾਦੀਆਂ ਲਈ ਹਰ ਕਿਸਮ ਦੀ ਵਰਾਇਟੀ ਮਿਲੇਗੀ

9277 - 120 ਸਟਰੀਟ (ਸਕਾਟ ਰੋਡ) ਡੈਲਟਾ, ਬੀ. ਸੀ.
ਫ਼ੋਨ : 584-6011

# ਪ੍ਰਮਾਣੂ ਹਥਿਆਰਾਂ ਨਾਲ ਲੈਸ ਅਮਰੀਕੀ ਜੰਗੀ ਜਹਾਜ਼ ਬੰਦਰਗਾਹ ਵਿਚ ਨਾ ਆਉਣ

ਵੈਨਕੂਵਰ ਵਿਚ ਸੰਸਾਰ ਅਮਨ ਬਾਰੇ ਸਰਗਰਮ ਇਕ ਗਰੁਪ ਨੇ ਮੁਹਿਮ ਚਲਾਉਣ ਦਾ ਫੈਸਲਾ ਕੀਤਾ ਹੈ। ਇਹ ਗਰੁੱਪ ਪ੍ਰਮਾਣੂ ਹਥਿਆਰਾਂ ਦੇ ਵਿਰੋਧ ਵਿਚ ਕਾਫੀ ਸਮੇਂ ਤੋਂ ਮੁਜ਼ਾਹਰੇ ਕਰ ਰਿਹਾ ਹੈ। ਯਾਦ ਰਹੇ ਕਿ ਅਮਰੀਕੀ ਜੰਗੀ ਜਹਾਜ਼ ਆਮ ਤੌਰ ਤੇ ਵੈਨਕੂਵਰ ਦੀ ਬੰਦਰਗਾਹ ਵਿਚ ਲੰਗਰ ਪਾਉਂਦੇ ਰਹਿੰਦੇ ਹਨ ਤੇ ਇਹ ਜੰਗੀ ਜਹਾਜ਼ ਪ੍ਰਮਾਣੂ ਹਥਿਆਰਾਂ ਨਾਲ ਲੈਸ ਹੋਣ ਕਰਕੇ ਵੈਨਕੂਵਰ ਵਾਸੀਆਂ ਲਈ ਤੇ ਆਲੇ ਦੁਆਲੇ ਰਹਿਣ ਵਾਲੇ ਲੋਕਾਂ ਲਈ ਇਕ ਵੱਡਾ ਖਤਰਾ ਹਨ ਕਿਉਂਕਿ ਡਰ ਹੈ ਕਿ ਅਚਾਨਕ ਕੋਈ ਵੀ ਐਸੀ ਘਟਨਾ ਵਾਪਰ ਸਕਦੀ ਹੈ ਜੋ ਇਸ ਇਲਾਕੇ ਦੀ ਤਬਾਹੀ ਦਾ ਕਾਰਨ ਬਣ ਸਕਦੀ ਹੈ। ਇਸ ਲਈ ਇਹ ਗਰੁਪ ਵੈਨਕੂਵਰ ਨੂੰ ਇਸ ਸੰਭਾਵਿਤ ਤਬਾਹੀ ਤੋਂ ਬਚਾਉਣ ਲਈ ਤੇ ਇਹਨਾਂ ਜੰਗੀ ਜਹਾਜ਼ਾਂ ਨੂੰ ਬੰਦਰਗਾਹ ਵਿਚ ਆਉਣੋਂ ਰੋਕਣ ਲਈ ਇਕ ਦਸਤਖਤ ਮੁਹਿਮ ਚਲਾ ਰਿਹਾ ਹੈ।

ਇਸ ਦਸਤਖਤ ਮੁਹਿਮ ਵਿਚ ਸਥਾਨਕ ਨੇਤਾਵਾਂ ਨੂੰ ਅਪੀਲ ਕੀਤੀ ਜਾਵੇਗੀ ਕਿ ਉਹ ਇਸ ਸਬੰਧੀ ਆਪਣੀਆਂ ਨੀਤੀਆਂ ਸਪੱਸ਼ਟ ਕਰਨ। ਇਸ ਗਰੁਪ ਦਾ ਨਾਂ ਹੈ ਵੈਨਕੂਵਰ ਪੀਸ ਫਲੋਟਿਲਾ ਕੋਲੀਸ਼ਨ। ਇਹ ਗਰੁਪ ਲੋਅਰ ਮੇਨਲੈਂਡ ਦੇ ਮੇਅਰਾਂ ਨੂੰ ਜਿਹਨਾਂ ਦੀ ਗਿਣਤੀ 23 ਹੈ ਤੇ ਕੌਂਸਲਰਾਂ ਨੂੰ ਸੋਸ਼ਲ ਕਰੈਡਿਟ ਅਤੇ ਐਨ. ਡੀ. ਪੀ. ਐਮ. ਐਲ. ਏਜ਼ ਤੇ ਐਮ. ਪੀਜ਼ ਨੂੰ ਸੱਦਾ ਦੇ ਰਿਹਾ ਹੈ ਕਿ ਉਹ ਇਸ ਪਟੀਸ਼ਨ ਤੇ ਦਸਤਖਤ ਕਰਨ ਤਾਕਿ ਵੈਨਕੂਵਰ ਦੀ ਬੰਦਰਗਾਹ ਨੂੰ ਇਹਨਾਂ ਜੰਗੀ ਜਹਾਜ਼ਾਂ ਦੇ ਆਉਣ ਨਾਲ ਪੈਦਾ ਹੁੰਦੀ ਸੰਭਾਵਿਤ ਤਬਾਹੀ ਤੋਂ ਬਚਾਇਆ ਜਾ ਸਕੇ। ਇਹ ਅਮਨ ਕੋਲੀਸ਼ਨ ਆਮ ਲੋਕਾਂ ਤੋਂ ਵੀ ਮੰਗ ਕਰਦੀ ਹੈ ਕਿ ਉਹ ਉਹਨਾਂ ਹੀ ਉਮੀਦਵਾਰਾਂ ਨੂੰ ਵੋਟਾਂ ਪਾਉਣ ਜੋ ਅਮਨ ਪੱਖੀ ਹੋਣ।

ਪੰਨਾ 13 ਦੀ ਬਾਕੀ

ਹੁੰਦਾ ਹੈ। ਪੱਛਮੀ ਦੇਸ਼ਾਂ, ਜਿਨ੍ਹਾਂ 'ਚ ਇਹ ਪਰਚਲਤ ਹੈ, ਤਲਾਕਾਂ ਦੀ ਭਰਮਾਰ ਹੋ ਰਹੀ ਹੈ। ਭਾਰਤ ਵਿਚ ਪਹਿਲੋਂ ਵਿਚੋਲਿਆਂ, ਰਿਸ਼ਤੇਦਾਰਾਂ ਅਤੇ ਨਾਈਆਂ ਦੀ ਸਵਾਰਥ ਤੇ ਗਠ-ਜੋੜ ਹੁੰਦੇ ਸਨ। ਹੁਣ ਇਸ਼ਤਿਹਾਰ-ਬਾਜ਼ੀ ਦਾ ਸਹਾਰਾ ਲਿਆ ਜਾਂਦਾ ਹੈ ਅਤੇ ਫੈਸਲਾ, ਚੋਣ ਕਰਨ ਵੇਲੇ, ਮਾਪੇ ਹੀ ਕਰਦੇ ਹਨ। ਜੀਵਨ-ਸਾਥੀ ਬਣਨ ਵਾਲਿਆਂ ਦੀ ਪੁਛ-ਪਰਤੀਤ ਘੱਟ ਹੀ ਹੁੰਦੀ ਹੈ। ਮਨੋ ਵਿਗਿਆਨਕ ਅਤੇ ਆਤਮਿਕ ਇਕਸੁਰਤਾ ਦੀ ਪਹਿਚਾਣ ਕਰਨ ਲਈ, ਮਨੋ ਵਿਗਿਆਨੀਆਂ ਨੂੰ ਚਾਹੀਦਾ ਹੈ ਕਿ ਉਹ ਇਕ ਜੋਤ, ਦੋਏ ਮੂਰਤੀ 'ਵਰਗੀਆਂ ਜੋੜੀਆਂ ਬਨਾਉਣ ਲਈ, ਕੋਈ ਐਸੇ ਜੰਤਰਾਂ, ਫਾਰਮੂਲਿਆਂ ਦੀਆਂ ਕਾਢਾਂ ਕੱਢਣ, ਜਿਸ ਦੁਆਰਾ ਜੀਵਨ-ਸਾਥੀ ਬਣਨ ਵਾਲਿਆਂ ਦੀਆਂ ਭਾਵਨਾਵਾਂ, ਸੁਭਾਵਾਂ, ਸਮਝ-ਸੋਚਾਂ ਦੀ ਸਮਾਨਤਾ, ਇਕ ਸੁਰਤਾ ਅਤੇ ਯੋਗਤਾ ਦਾ ਪਤਾ ਲਗ ਸਕੇ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਲੋਭ, ਮੋਹ, ਹੰਕਾਰ ਨੂੰ ਸਫਲ ਜੋੜੀਆਂ ਦੀ ਚੋਣ ਕਰਨ ਵੇਲੇ ਅਤੇ ਪਿਛੋਂ ਰਾਹ ਦਾ ਰੋੜਾ ਨਾ ਬਨਣ ਦੇਣ। ਅਤੇ ਜੋੜੀਆਂ ਨੂੰ ਭੀ ਚਾਹੀਦਾ ਹੈ ਕਿ ਉਹ ਦੋ ਵਖੋ ਵਖਰੇ ਸੁਭਾਵਾਂ ਅਤੇ ਮਾਹੌਲ ਦੇ ਮਾਲਕ ਹੁੰਦੇ ਹੋਇਆਂ ਭੀ ਸਤ, ਸੰਤੋਖ, ਵਿਚਾਰ ਦੁਆਰਾ ਸੁਮੇਲ ਪੈਦਾ ਕਰਨ। ਇਕ ਦੂਜੇ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ, ਮਾਪਿਆਂ ਦਾ ਸਤਿਕਾਰ ਤੇ ਸੇਵਾ ਕਰਨੀ ਆਪਣਾ ਧਰਮ - ਫਰਜ਼ ਸਮਝਣ।

# ਮੁਲੰਮਾ

– ਸੰਤੋਖ ਸਿੰਘ ਧੀਰ—

ਨਹੀਂ, ਨਹੀਂ,
ਉੱਕਾ ਹੀ ਇਹ ਸੋਨਾ ਨਹੀਂ
ਸੋਨੇ ਦਾ ਛਲਾਵਾ ਹੈ.
ਮੁਲੰਮਾ ਹੈ
ਦਿਖਾਵਾ ਹੈ
ਜਗਮਗਾਉਂਦੀ ਅੱਖ ਵਾਲੇ
ਨਾਨਕ
ਕਬੀਰ
ਫ਼ਰੀਦ ਨਾਮ
ਰਵਿਦਾਸ
ਇਹਨਾਂ ਦੀਆਂ ਨੂਰ-ਭਰੀਆਂ
ਅੱਖਾਂ ਰਾਹੀਂ ਦੇਖ
ਭੇਖ ਹੈ ਇਹ, ਨਿਰਾ ਭੇਖ.

—0—

ਛੱਡ ਦਿਤਾ
ਰਾਖਸ਼ਾਂ ਨੇ
ਤੇਰੇ ਅਗੇ
ਸੋਨੇ ਦੇ ਛਲਾਵੇ ਵਾਲਾ
ਝੂਠ ਮਿਰਗ
ਤੇਨੂੰ ਗ਼ਲਤੀ ਲਗ ਗਈ
ਤੇਨੂੰ, ਵਰਤਮਾਨ ਵਿਚੋਂ,
ਸੁਟ ਦਿਤਾ ਰਾਖਸ਼ਾਂ ਨੇ
ਭੂਤ ਦੇ ਹਨੇਰੇ ਵਿਚ
ਧੁੰਦਲੇ ਭਵਿਖ ਵਿਚ
ਭੂਤ, ਜਿਹੜਾ ਜਾ ਰਿਹਾ ਹੈ
ਜੰਗਲਾਂ ਦੇ ਸਮੇਂ ਵਲ
ਵਹਿਸ਼ੀਆਂ ਦੇ ਯੁਗ ਵਲ
ਤੋੜ ਦਿਤਾ ਰਾਖਸ਼ਾਂ ਨੇ
ਤੇਨੂੰ, ਤੇਰੀ ਅੱਜ ਨਾਲੋਂ
ਅੱਜ ਦੀ ਸੱਚਾਈ ਨਾਲੋਂ.

—0—

ਕਿਹੜਾ ਹੈ ਭਵਿਖ ਤੇਰਾ—
ਜਿਹੜਾ ਤੇਰੀ ਅੱਖ ਅੱਗੇ
ਚਕਾਚੌਂਧ ਕੀਤਾ ਗਿਆ ?
ਸੋਨੇ ਦੇ ਛਲਾਵੇ ਵਾਲਾ
ਝੂਠੇ ਸੋਨ-ਮਿਰਗ ਵਾਲਾ
ਜਿਹੜਾ ਕਿਤੇ ਹੈ ਹੀ ਨਹੀਂ
ਨਾ ਹੀ ਕਦੇ ਹੋਵੇਗਾ ਹੀ,
ਅੰਧ ਤੇ ਗੁਬਾਰ ਹੈ ਇਹ
ਨਿਰਾ ਧੁੰਦੂਕਾਰ ਹੈ ਇਹ
ਤੈਨੂੰ, ਤੇਰੀ ਅੱਜ ਨਾਲੋਂ
ਰਾਖਸ਼ਾਂ ਨੇ ਤੋੜ ਦਿਤਾ
ਤੈਨੂੰ, ਤੇਰੇ ਸੂਰਜੀ
ਭਵਿਖ ਵਲੋਂ ਮੋੜ ਦਿਤਾ.

—0—

ਨਹੀਂ,
ਇਹ ਰਬਾਬ ਨਹੀਂ
ਜਿਸ ਉਤੇ ਗੁਰੂ ਨਾਨਕ
ਅਮਰ ਬੋਲ ਗਾਉਂਦੇ ਸਨ
ਜੋ ਕੂੜ ਦੀ ਅਮਾਵਸ ਉਤੇ
ਚੰਦਰਮਾ ਚੜ੍ਹਾਉਂਦੇ ਸਨ
ਬੀਨ ਹੈ ਇਹ, ਟੁਣੇਹਾਰੀ,
ਮੰਗਤੇ ਮਦਾਰੀਆਂ ਦੀ
ਬੁਰਦ-ਫਰੋਸ਼ਾਰੀਆਂ ਦੀ
ਇਸ ਬੀਨ ਦੀਆਂ ਸੁਰਾਂ ਉਤੇ
ਸੁਤੇ ਨਾਗ ਜਾਗਦੇ ਨੇ
ਬੂਕਦੇ, ਫੁੰਕਾਰਦੇ ਨੇ
ਇਕ ਸੁਰ ਆਖਦੀ ਹੈ :
ਹਿੰਦੂ ਹਾਂ ਮੈਂ, ਹਿੰਦੂ ਹਾਂ ਮੈਂ !
ਦੂਜੀ ਸੁਰ ਆਖਦੀ ਹੈ :
ਸਿੱਖ ਹਾਂ ਮੈਂ, ਸਿੱਖ ਹਾਂ ਮੈਂ !

—0—

ਨਹੀਂ,
ਇਹ ਰਬਾਬ ਨਹੀਂ
ਸੋਨਾ ਨਹੀਂ
ਸੱਚ ਨਹੀਂ
ਅੰਧ ਤੇ ਗੁਬਾਰ ਹੈ ਇਹ
ਨਿਰਾ ਧੁੰਦੂਕਾਰ ਹੈ ਇਹ.

— ਜ਼ਿਆ ਸ਼ਬਨਮੀ -

ਦਿਲ ਕੀ ਸੂਰਤ ਰਾਤ ਭਰ ਦਹਿਲੀਜ਼ ਪਰ ਬੈਠਾ ਨਾ ਕਰ.
ਹਰ ਨਏ ਚਿਹਰੇ ਕੋ ਮਿਸਲਿ-ਆਈਨਾ ਦੇਖਾ ਨਾ ਕਰ.

ਉਮਰ ਭਰ ਰੋਏਗਾ ਫਿਰ ਦਿਲ ਥਾਮ ਕਰ ਮੇਰੀ ਤਰਾਹ,
ਭੂਲ ਕਰ ਭੀ ਇਨ ਖਰਾਬੋਂ ਕੀ ਤਰਫ ਨਿਕਲਾ ਨਾ ਕਰ.

ਕੌਨ ਸਮਝਾਤਾ ਰਹਾ ਹੈ ਯਾਦ ਅਬ ਆਤਾ ਨਹੀਂ,
ਖ਼ਾਬ ਮੇਂ ਲੇ ਲੇ ਕੇ ਮੇਰਾ ਨਾਮ ਤੂ ਪੂਛਾ ਨਾ ਕਰ.

ਆਖ਼ਿਰੇ-ਸ਼ਬ ਕੌਨ ਆਤਾ ਹੈ ਦਿਲੇ-ਵੀਰਾਂ ਕੀ ਸਮਤ,
ਐ ਦਿਲੇ-ਨਾਦਾਂ ਤੂ ਹਰ ਆਹਟ ਪੇ ਯੂੰ ਚੌਂਕਾ ਨਾ ਕਰ.


ASPIRING BRIGHT FINANCIAL FUTURES
NORTH AMERICAN LIFE

NORTH AMERICAN LIFE ASSURANCE COMPANY

- Life Insurance
- Mortgage Insurance
- Children's educational Plans
- R R S P



Darshan Gill, M.A.

320, 815 West Hastings St.
Vancouver, B.C. V6C 2W1
Bus. 685-9335


### ਇਕ ਪੌਂਡ ਸਹਿਦ ਲਈ ਲੰਬਾ ਸਫਰ

ਸਹਿਦ ਦੀ ਮੱਖੀ ਨੂੰ ਇਕ ਪੌਂਡ ਸ਼ਹਿਦ ਇਕੱਠਾ ਕਰਨ ਲਈ ਚਾਲੀ ਹਜ਼ਾਰ ਮੀਲ ਦਾ ਲੰਬਾ ਸਫਰ ਕਰਨਾ ਪੈਂਦਾ ਹੈ।


ਕਰਤਾਰ ਫੋਟੋ ਸਟੂਡੀਓ
1 HOUR PHOTO SERVICE
KARTAR PHOTO STUDIO
4279 - Fraser St. (27th Ave.)
Vancouver, B.C.
We Do Passport, 5 Mins. Service,
Portrait Photos & Weddings
Off; 872-6060





DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS
WE DO NEW HOME PLUMBING ALSO
CONTACT:
PAUL'S
PLUMBING & ELECTRICAL SUPPLY



4774 Main Street, (At 32nd.)
Vancouver, B.C.
PH: 872-3118 (Supply)
872-7227 (Service)
"Free customer parking at rear" OPEN SUNDAYS



MALKIT PARMAR
ROYAL LEPAGE REAL ESTATE SERVICES
ਘਰ ਦੀ ਕੀਮਤ ਪਵਾਉਣ ਲਈ ਸਾਡੀ ਕੰਪਨੀ ਰਾਹੀਂ ਘਰ ਖਰੀਦਣਾ ਜਾਂ ਵੇਚਣਾ ਆਸਾਨ ਹੈ ਕਿਉਂਕਿ ਮਾਰਗੇਜ਼ ਦਾ ਪ੍ਰਬੰਧ ਵੀ ਕੰਪਨੀ ਦੁਆਰਾ ਕੀਤਾ ਜਾਂਦਾ ਹੈ।
ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਮਲਕੀਤ ਪਰਮਾਰ ਨੂੰ ਮਿਲੋ ਜਾਂ ਫੋਨ ਕਰੋ :
Bus: (604) 590-1321 Res: 589-2650
8699 - 120th St., North Delta, B.C.



# Imperialist Game of Dismemberment

## 'Azad Punjab': Seed of Separatism

Though British intelligence services functioning in India including the military intelligence had been deliberately fostering separatist trends among the Sikhs, these attempts now assumed a new dimension. The colonial rulers wanted to wean away the Sikhs from the main national stream. It was in this situation that the concept of 'Azad Punjab' was evolved by the agile and fertile mind of Giani Kartar Singh The author of the 'Azad Punjab' visualised that those territories of the Punjab where Hindus and Sikhs predominated should constitute a separate unit. The 'Azad Punjab' would have included the maximum Sikh population, with no single community being in an absolute majority. The Hindus and the Muslims would have been 40 per cent each in the population and the Sikhs 20 per cent. The population of the Sikhs would have increades to 24 per cent with the merger of the Sikh princely states.

By the time ot became clear that India would be divided into two states on the basis of 'two-nation theory' the Sikh communalists also started demanding an independent state. Till then the word Sikh 'Qaum' was loosely used to convey that all those who were devotees of the Sikh religion constituted a religious minority. But when the 'two-nation theory' was accepted and India was divided, the Sikh communal leaders too raised the demand that since the Sikhs were a 'nation', they should not be left at the mercy either of Pakistan or of Hindustan.

It was in this backdrop that Akali leaders demanded an independent state for Sikhs. The demand was formally put forward by the Akali Dal in a resolution passed on 22 March, 1946: "Whereas the Sikhs being attached to the Punjab by intimate bonds of holy shrines, property, language, traditions and history claim it as their homeland and holy land which the British had taken as a 'trust' from the last Sikh ruler during his minority and whereas the community of the Sikhs is being threatened on account of the presistent demand of Pakistan by the Muslims on the one hand and face the danger of being absorbed by the Hindus on the other, the executive committee of the Shiromani Akali Dal demands for the preservation and protection of the religious, cultural, economic and political rights of the Sikh nation the creation of a Sikh State which would include a substantial majority of the Sikh population and their sacred shrines and historical Gurdwaras with a provision for the transfer and exchange of population and property, wherever possible and necessary".

It is not accidental that Coupland's concept of an 'agency centre' and this resolution of the Akali Dal should leave no one in doubt that the slogan of 'Khalistan' which has been raised in recent years have many common features. It means, what British imperialism failed to accomplish in the mid-forties is now being sought to be achieved.

Another important fact of history also needs to be examined in this connection.

Maharaja Yadvindra Singh of Patiala admitted in an article published in a newspaper as late as on 19 July, 1956 that in a meeting with Jinnah at a dinner hosted by the Viceroy Lord Mountbatten, "Liaqat Ali Khan and Begum Liaqat Ali ....., went out of their way to offer on behalf of the Muslim League everything conceivable. It was to be the Head of this new Sikh State ....the Sikhs would have their own army and so on." This admission by the late Maharaja speaks for itself and needs no comment. That the Sikhs did not fall a prey to this conspiracy speaks volumes of their sense of patriotism. Once again, the credit goes to the robust Sikh peasantry and the nationalist Sikhs for having upset the apple cart of the communalists and the Sikh princes.

## Organised Violence to Force Dismemberment

Since this knocked down the British plan to dismember India, organised communal violence was unleashed to uproot the people from their traditional homeland. The fury of violence was let loose on the Hindus and Sikhs in Rawalpindi division for obvious reasons. The size of non-Muslim minorities in the proposed Pakistan state was considerable. To enable Pakistan to create a theocratic state, it was essential to change the composition of the population of the areas which were to constitute the new Muslim state. The

It was under these circumstances that the Akali leaders gave up the demand for an independent sovereign state. Articulating the aspirations of the patriotic Sikhs, Baba Kharak Singh, in a press statement on 14 April, 1947 said:

"I am a staunch advocate of Akhand (undivided) Hindustan ... Should, however, partition become inevitable and be unfortunately thrust upon us, I would plead for adequate safeguards and legitimate protection for the non-Muslim minorities living in the territories proposed to be partitioned."

However behind the scene attempts continued to wean away the Sikhs from the national main stream. Three different alternatives were placed befor the Akali leaders by certain gobetweens. These alternatives were:

(1) a separate unit of eastern Punjab with a position in Pakistan equal to that of any other unit such as Sind or Western Punjab.

(2) special privileges for the Sikh minority in western Punjab; and

(3) special privileges for the Sikhs in Pakistan as a whole.

But all sections of the political poinion among the Akalis and other Sikh leaders rejected these proposals. Naturally the British rulers were for from being happy with this "mood" of the Sikh leaders who had decided by that time to save for India and for themselves as much of the Punjab as they could from going into Pakistan. At the meeting with the Indian leaders on June 2, 1947 Lord Mountbatten said that "he was most distressed about the position of the Sikhs". Incidentally, this is how Punjab came to be partitioned and with it the Punjabi speaking people.

## 'Punjabi Suba'

After 1947, there was a temporary thaw in the communal politics of the Akalis. The Akalis joined hands with the Congress to form the first government




Main Street Clothing Manufacturer

SAVE ON CLOTHING

You've Never Seen Prices in B.C. Like This Before

TWO LOCATIONS

3293 Main St. (at 17th Ave.)
Vancouver, B.C. V5V 3M6
Ph. 872-3121

9377 - 120th St.
Scott Rd. & 93rd Ave.)
DELTA, B.C. V4C 6R9

*This coupon is worth:*
$2.00 OFF
on the purchase of any dress over $10.00

FRIENDS AUTO BODY & PAINTING LTD.

5605 BYRNE RD. BURNABY, B.C.

Burnaby Auto Auction Building

PH. 430-4233



15 Years Exp

- I. C. B. C. JOB
- FREE ESTIMATES
- FREE COURTESY CAR
- RUST REPAIRS
- FIBRE GLASS OR CUT OUT WORK

YOU NEVER KNOW UNLESS YOU TRY

VISIT OR CALL



MR. GURU

in East Punjab (now Punjab). This nominee, Sardar Baldev Singh, was already a member of the Central Cabinet. At that stage, the Akali Dal took a clear stand that it was opposed to communal electorate. But after a few years later, in the mid-fifties, the Akali Dal raised the demand for the linguistic reorganisation of the Punjab, though this demand had communal orientation, as in the past.

In their memorandum submitted to the States' Reorganisation Commission (SRC), for instance, they had proposed that the 'Punjabi Suba' should comprise Gurdaspur, Amritsar, Ferozepur, Ludhiana, Jullundur, Hoshiarpur, Ambala, Karnal (excepting Panipat) Sirsa, Bhatinda, Kapurthala, Fatehgarh Sahib and Sangrur (leaving out Jind and Mirwana tehsils) districts of the Punjab and the Ganganagar district of Rajasthan with a population of nearly 1.20 crore.

Subseqently, when the regional formula was introduced, the Akalis agreed that the Punjabi region should consist of the districts of Gurdaspur, Amritsar, Jullunder, Hoshiarpur, Ferozepur, Ludhiana, Kapurthala, Bhatinda, the Ropar and Chandigarh assembly constituencies in Ambala district, Patiala district excluding Kandaghat and Nalagarh tehsils and Sangrur district excluding the Jind and Nirwana tehsils having a total population of 86,02,608.

Significantly enough, Kangra, district with a population of 9.32 lakh which with the exclusion of Lahaul-Spiti and part of Kulu, is a Punjabi speaking district, was not included in the Akali proposals made to the SRC. Moreover, that part of Himachal Pradesh which adjoins Punjab, leaving out North Mandi, North Suket, parts of Chamba Mahasu Rampur areas. Bushair and Chini tehsils, are essentially Punjabi speaking areas according to the Linguistic Survey of India. These areas were also excluded from the Akali blueprint for the 'Punjabi Suba'. The reasons for these exclusions are obvious. In fact, the Akalis wanted to carve out a state in which Sikhs would be in majority. If Punjab had been reorganised strictly on the linguistic basis the proposed state would not have served the Akali communal objective, the Sikhs being out-numbered there.

It is a commonly known fact that Devi Lal as the representatives of all the parties comprising 'Haryana Committee' and Gurnam Singh as the representative of the Sant's Akali Dal alongwith ten other leaders had concluded written agreement that the two regions should be made the basis for the demarcation of the boundaries of the two states and any adjustments should be made through negotiations. It was also decided that village should be made the basis for settling disputes arising over the fixing of boundaries. Though no negotiations were actually initiated following the agreement. Sant Fateh Singh had committed himself to settle disputes over adjustments of boundaries through concultation and discussion. He resiled from this position soon after Punjab had been reorganised.

## Linguistic Reorganisation: A Baffling Problem

The Punjab Pradesh Congress, after the reorganisation of the state, reiterated that the demarcation of the boundaries should be done strictly on a linguistic basis and did not hesitate to demand the main chunk of Kangra district for inclusion into the new state. Though Sant Fateh Singh too gave support to this stand of the Pradesh Congress, he did not firmly state that he would press for the inclusion of Punjabi speaking areas of Kangra district in the Punjabi speaking state, despite his professions of secularism. If this were not so, he would have come out of the Golden Temple and campaigned among the messes particularly among the non-Sikhs to convince them about the legitimacy of this demand.

After Punjab was reorganised and trifurcated into three states Punjab, Haryana and Himachal Pradesh, the Akalis started another agitation and demanded that Chandigarh should be given over to Punjab and all the socalled 'common links' between Punjab and Haryana such as the High Court should be snapped.

Curiously enough, Chandigarh under the regional formula, was declared 'bilingual' and after the reorganisation of Punjab, it became the common capital of the two states.

Within a few months, the Akalis again started an agitation over the merger of Chandigarh with Punjab. It was in this situation that another solution was evolved and it was agreed that Chandigarh should be given to Punjab and in return Fazilka and Abohar areas should be handed over to Haryana. This was obviously a very odd decision. The Sant had then accepted this arrangement. Now, once again, true to form a controversy over Chandigarh, is raging in Punjab and predicately passions are running high.

This is how linguistic reorganisation of Punjab has always been a baffling problem since the partition of the country in 1947. It has defied all solutions and every formula so far evolved has created new complications, leading to communal polarisation in the state. Apart from this aspect, the Akalis themselves have been shifting ground and after every concession made to them with a view to solving this problem, they have been coming forward with newer demands and thus there has been no finality about what has come to be known as the linguistic reorganisation of the Punjab.

### Pride of the Nation

**Avtar Singh 'Sadiq'**

Where is the art of my hands?
Hands that made shoes
in various shapes and sizes
Hands that sweated on days and nights
to make their 'star' bright.
Hands that protected
people from cold.

I am proud of my hands;
they are really bold.
Though often in a happy mood
my boss used to say,

Oh ! they are made of gold?
Today being so strong and stout
I mutter and think of my hands.
of what sort is that sword?
which cut off my hands
Before the 'Unemployment Office';
Who cares for my sorrow and despair?
Completely cramped
under the layers
of laughing chairs.
However wounded dignity
Feels hard to bear the bang
'Idle bug....' — burden on the land.'
Through the windos
I saw sky scrapers
touching the sky
— a wonderful miracle of hands
on which a world may stand.
However the world is a story of hands.
Being sunken in thoughts, as such
A painful voice came from my hearts
'I want to work'
Meanwhile another voice
I heard, saying in sweat language,
'Your hands are safe
in our shelves.'

TICKETS TO ANYWHERE

GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ
ਆਪਣੇ ਲਈ ਹਮੇਸ਼ਾਂ ਸਾਨੂੰ ਯਾਦ
ਕਰੋ । ਅਸੀਂ ਵਾਜਬ ਕਿਰਾਏ ਤੇ
ਵਧੀਆ ਸੇਵਾਵਾਂ ਦੀ ਗਰੰਟੀ
ਦਿੰਦੇ ਹਾਂ ।

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (FAREEDKOT)

6612, MAIN ST. VANCOUVER, B. C.
Phone 324-3336



# ਫ਼ਿਲਮ-ਲੋਰ



## ਫ਼ਿਲਮ

## ਘਰ ਸੰਸਾਰ

ਸ਼ਿਵਮ ਚਿਤਰਾ ਦੀ ਪੇਸ਼ਕਸ਼ ਫਿਲਮ 'ਘਰ ਸੰਸਾਰ' ਮੱਧ ਸ਼੍ਰੇਣੀ ਦੇ ਇਕ ਸਾਧਾਰਨ ਪਰਿਵਾਰ ਦੀ ਅਸਾਧਾਰਨ ਕਹਾਣੀ ਨੂੰ ਲੈ ਕੇ ਬਣਾਈ ਗਈ ਹੈ।

ਸਤਿਆ ਨਰਾਇਣ ਇਸ ਪਰਵਾਰ ਦਾ ਮੁਖੀਆ ਹੈ। ਵਿਚਾਰਾ ਦਫਤਰ 'ਚ ਮਾਮੂਲੀ ਕਲਰਕ ਹੈ। ਸਤਿਆ ਨਾਰਾਇਣ ਦੇ ਦੋ ਜਵਾਨ ਪੁੱਤਰ, ਦੋ ਜਵਾਨ ਦੀਅਧਾ ਤੇ ਘਰ ਵਾਲੀ ਨਾਲ ਉਸ ਦੀ ਬੁੱਢੀ ਮਾਂ ਵੀ ਰਹਿੰਦੀ ਹੈ। ਉਸ ਦੀ ਤਨਖਾਹ ਨਾਲ ਮਸਾਂ ਹੀ ਗ੍ਰਹਿਸਥੀ ਦੀ ਗੱਡੀ ਰਿੜਦੀ ਹੈ। ਆਮਦਨੀ ਘਟ ਹੈ ਪਰ ਖਰਚੇ ਤੌਬਾ ਤੌਬਾ। ਉਧਾਰ ਲੈਣਾ ਤਾਂ ਵਿਚਾਰੇ ਦੀ ਮਜ਼ਬੂਰੀ ਹੈ ਭਾਵੇਂ ਸ਼ਾਹੂਕਾਰਾਂ ਤੋਂ ਉਸਨੂੰ ਜਲਦੀ ਉਧਾਰ ਨਾ ਚੁਕਾਉਣ ਤੇ 'ਖਰੀਆਂ ਖਰੀਆਂ' ਵੀ ਸੁਣਨੀਆਂ ਪੈਂਦੀਆਂ ਹਨ।

ਸਤਿਆ ਨਾਰਾਇਣ ਦਾ ਵੱਡਾ ਪੁੱਤਰ ਪ੍ਰਕਾਸ਼ ਸਾਰੇ ਪਰਿਵਾਰ ਦੀਆਂ ਅੱਖਾਂ ਦਾ ਤਾਰਾ ਹੈ। ਸਾਰੇ ਟੱਬਰ ਦੀਆਂ ਉਮੀਦਾਂ ਪ੍ਰਕਾਸ਼ ਤੇ ਹੀ ਹਨ ਕਿਉਂਕਿ ਪ੍ਰਕਾਸ਼ ਨੇ ਉਚ ਸਿਖਿਆ ਪ੍ਰਾਪਤ ਕੀਤੀ ਹੈ ਤੇ ਉਸ ਦੇ ਘਰ ਵਾਲਿਆਂ ਨੂੰ ਆਸ ਹੈ ਕਿ ਉਹ ਚੰਗੀ ਨੌਕਰੀ ਪ੍ਰਾਪਤ ਕਰ ਲਏਗਾ। ਭ੍ਰਿਸ਼ਟਾਚਾਰ ਦੇ ਅਜੋਕੇ ਦੌਰ ਦੀ ਲਪੇਟ 'ਚ ਪ੍ਰਕਾਸ਼ ਨਾ ਆਏ ਇਹ ਆਜ਼ਾਦ ਭਾਰਤ 'ਚ ਕਿਵੇਂ ਹੋ ਸਕਦਾ ਹੈ? ਪ੍ਰਕਾਸ਼ ਦੇ ਸੁਪਨਿਆਂ ਤੇ ਪਾਣੀ ਫਿਰ ਜਾਂਦਾ ਹੈ ਤੇ ਹਾਰ ਥੱਕ ਕੇ ਉਹ ਇਕ ਲੁਹਾਰ ਬਣ ਜਾਂਦਾ ਹੈ। ਪ੍ਰਕਾਸ਼ ਤੋਂ ਛੋਟਾ ਹੈ ਚੰਦਨ ਜੋ ਆਵਾਰਾ ਕਿਸਮ ਦਾ ਮੁੰਡਾ ਹੈ। ਉਧਰ ਸਤਿਆ ਨਰਾਇਣ ਕਰਜ਼ਾ ਲੈ ਕੇ ਆਪਣੀ ਵੱਡੀ ਧੀ ਦੀ ਸ਼ਾਦੀ ਪੱਕੀ ਕਰ ਦਿੰਦਾ ਹੈ। ਸਤਿਆ ਨਰਾਇਣ ਦੀ ਭੈਣ ਤੇ ਭਣਵਈਆ ਵੀ ਅਚਾਨਕ ਆ ਜਾਂਦੇ ਹਨ। ਸਤਿਆ ਨਰਾਇਣ ਦਾ ਭਣਵਈਆ ਅੜ ਜਾਂਦਾ ਹੈ ਕਿ ਐਤਕੀਂ ਉਹ ਦਾਜ ਦੀ ਬਕਾਇਆ ਰਾਸ਼ੀ ਲੈ ਕੇ ਹੀ ਜਾਏਗਾ।



ਸ੍ਰੀ ਦੇਵੀ ਤੇ ਲਲਿਤਾ ਪਵਾਰ ਫ਼ਿਲਮ 'ਘਰ ਸੰਸਾਰ' ਦੇ ਇਕ ਦ੍ਰਿਸ਼ 'ਚ

ਸਾਰੇ ਟੱਬਰ 'ਚ ਇਕ ਤਰ੍ਹਾਂ ਨਾਲ ਭੁਚਾਲ ਜਿਹਾ ਆ ਜਾਂਦਾ ਹੈ। ਰਾਤ ਪੈ ਜਾਂਦੀ ਹੈ ਪਰ ਇਹ ਰਾਤ ਸਤਿਆ ਨਰਾਇਣ ਲਈ ਕਾਲੀ ਰਾਤ ਹੁੰਦੀ ਹੈ। ਉਸਦਾ ਭਣਵਈਆ ਸਤਿਆ ਨਰਾਇਣ ਦੀ ਧੀ ਲਈ ਕਰਜ਼ੇ ਤੇ ਲਈ ਗਈ ਸਾਰੀ ਰਕਮ ਚੁਰਾ ਲੈਂਦਾ ਹੈ। ਉਹ ਇਹ ਰਕਮ ਅਯਾਸ਼ੀ ਲਈ ਖਰਚਦਾ ਹੈ।

ਸਤਿਆ ਨਰਾਇਣ ਇਸ ਸਦਮੇ ਨੂੰ ਬਰਦਾਸ਼ਤ ਨਹੀਂ ਕਰਦਾ ਤੇ ਨਤੀਜੇ ਵਜੋਂ ਉਸਦਾ ਹਾਰਟ ਫੇਲ੍ਹ ਹੋ ਜਾਂਦਾ ਹੈ। ਉਧਰ ਉਸ ਦੀ ਧੀ ਜਿਸ ਦਾ ਵਿਆਹ ਸੀ ਦੁਖੀ ਹੋ ਕੇ ਘਰੋਂ ਦੌੜ ਜਾਂਦੀ ਹੈ। ਪ੍ਰਕਾਸ਼ ਉਸ ਨੂੰ ਲੱਭ ਲੈਂਦਾ ਹੈ ਤੇ ਉਸ ਦਾ ਵਿਆਹ ਕਰ ਦਿੰਦਾ ਹੈ।

ਇਸ ਦੌਰਾਨ ਚੰਦਨ ਬਦਮਾਸ਼ਾਂ ਤੇ ਗੁੰਡਿਆਂ ਨਾਲ ਮਿਲ ਕੇ ਗੈਰ ਕਾਨੂੰਨੀ ਕੰਮ ਕਰਨੇ ਸ਼ੁਰੂ ਕਰ ਦਿੰਦਾ ਹੈ। ਪ੍ਰਕਾਸ਼ ਹੋਰਾਂ ਦੇ ਘਰ ਦੀ ਨੌਕਰਾਣੀ ਰਘੀਆ ਦੁਖਾਂ ਦੇ ਦੌਰਾਨ ਵੀ ਇਸ ਪਰਿਵਾਰ ਦਾ ਸਾਥ ਦਿੰਦੀ ਰਹਿੰਦੀ ਹੈ। ਉਹ ਦਿਲ ਹੀ ਦਿਲ 'ਚ ਪ੍ਰਕਾਸ਼ ਨੂੰ ਪਿਆਰ ਵੀ ਕਰਦੀ ਹੈ। ਰਘੀਆ ਬਾਰੇ ਬਾਅਦ 'ਚ ਪਤਾ ਚਲਦਾ ਹੈ ਕਿ ਉਹ ਇਕ ਕਰੋੜਪਤੀ ਬਾਪ ਦੀ ਧੀ ਹੈ ਤੇ ਉਹ ਆਪਣੇ ਬਾਪ ਦੀ ਤਾਨਾਸ਼ਾਹੀ ਤੋਂ ਤੰਗ ਆ ਕੇ ਘਰੋਂ ਦੌੜ ਕੇ ਆਈ ਹੁੰਦੀ ਹੈ।

ਪ੍ਰਕਾਸ਼ ਦਿਨ ਰਾਤ ਮਿਹਨਤ ਕਰਕੇ ਆਪਣੇ ਪਰਿਵਾਰ ਦਾ ਆਰਥਿਕ ਸੰਤੁਲਨ ਠੀਕ ਕਰਦਾ ਹੈ ਤੇ ਕਾਫੀ ਕਰਜ਼ੇ ਵੀ ਉਤਾਰਦਾ ਹੈ। ਉਧਰ ਅਵਾਰਾ ਭਰਾ ਚੰਦਨ ਆਪਣੇ ਵੱਡੇ ਭਰਾ ਪ੍ਰਕਾਸ਼ ਦਾ ਦੁਸ਼ਮਣ ਬਣ ਬੈਠਦਾ ਹੈ। ਚੰਦਨ ਆਪਣੇ ਹੀ ਟੱਬਰ ਨੂੰ ਖਤਮ ਕਰਨ ਤੇ ਤੁਲ ਜਾਂਦਾ ਹੈ। ਸਾਰਾ ਟੱਬਰ ਮਿਲ ਕੇ ਚੰਦਨ ਦਾ ਸਾਹਮਣਾ ਕਰਦਾ ਹੈ। ਅੰਤ 'ਚ ਚੰਦਨ ਦੀਆਂ ਅੱਖਾਂ ਤੋਂ ਪੱਟੀ ਖੁਲ੍ਹਦੀ ਹੈ। ਦਰਅਸਲ ਚੰਦਨ ਤੇ ਉਸਦੇ ਹੀ ਯਾਰ ਹਮਲਾ ਕਰ ਦਿੰਦੇ ਹਨ ਤੇ ਇਸ ਮੌਕੇ ਤੇ ਵੱਡਾ ਭਰਾ ਪ੍ਰਕਾਸ਼ ਆਪਣੀ ਜਾਨ ਤੇ ਖੇਡ ਕੇ ਉਸ ਨੂੰ ਬਚਾਉਂਦਾ ਹੈ। ਰਘੀਆ ਤੇ ਪ੍ਰਕਾਸ਼ ਦੇ ਦਿਲ ਵੀ ਪਿਆਰ ਦੇ ਗੀਤ ਗਾ ਕੇ ਇਕ ਮਿਕ ਹੋ ਜਾਂਦੇ ਹਨ ਤੇ ਇਸ ਟੱਬਰ 'ਚ ਸ਼ਾਂਤੀ, ਪਿਆਰ ਤੇ ਦੁਨੀਆਂ ਦੇ ਸਭ ਸੁਖ ਦੁਆਰਾ ਆ ਜਾਂਦੇ ਹਨ।

ਨਿਰਮਾਤਾ ਵਿਮਲ ਕੁਮਾਰ ਦੀ ਇਸ ਫਿਲਮ 'ਘਰ ਸੰਸਾਰ' ਨੂੰ ਕੇ ਬਾਪਈਆਂ ਨੇ ਡਾਇਰੈਕਟ ਕੀਤਾ ਹੈ। 'ਘਰ ਸੰਸਾਰ' 'ਚ ਜਤਿੰਦਰ, ਸ੍ਰੀ ਦੇਵੀ, ਕਾਦਰ ਖਾਨ, ਡਾ. ਸ੍ਰੀ ਰਾਮ ਲਾਗੂ, ਰਣਜੀਤਾ, ਲਲਿਤਾ ਪਵਾਰ, ਸੁਲੋਚਨਾ, ਅਰੁਨਾ ਇਰਾਨੀ ਤੇ ਗੁਲਸ਼ਨ ਗਰੋਵਰ ਮੁਖ ਅਦਾਕਾਰ ਹਨ।

'ਚੋਟ ਲੱਗੀ ਕਹਾਂ', 'ਹਾਥ ਸੀਤਾ ਕਾ ਰਾਮ ਕੋ ਦੀਆ', 'ਮੇਰੀ ਮਾਂ ਚਿੰਤਾਮਨੀ', 'ਘਰ ਤੇਰੇ ਆਊਂਗੀ ਦੁਲਹਨ ਬਣਕੇ', 'ਨਖਰੇ ਲੈ ਪੰਜਾਬਣ ਦੇ', 'ਜੀਵਨ ਕੇ ਰਾਸਤੇ ਮੇਂ', 'ਜੀਤ ਉਨ ਕੀ ਜੋ ਚਲਤੇਂ', ਵਾਲੇ ਗੀਤ 'ਘਰ ਸੰਸਾਰ' ਲਈ ਇੰਦੀਵਰ ਨੇ ਲਿਖੇ ਹਨ। ਰਾਜੇਸ਼ ਖੰਨਾ ਦੇ ਸੰਗੀਤ 'ਚ ਇਹ ਗੀਤ ਕਿਸ਼ੋਰ ਕੁਮਾਰ, ਕਵਿਤਾ ਕ੍ਰਿਸ਼ਨਾ ਮੂਰਤੀ, ਆਸ਼ਾ ਭੋਂਸਲੇ, ਅਲਕਾ ਯਾਗਨਿਕ, ਅਨੂਪਮ ਦੇਸ਼ ਪਾਂਡੇ, ਅਨੁਰਾਧਾ ਪੌਡਵਾਲ ਤੇ ਮੁਹੰਮਦ ਅਜ਼ੀਜ ਨੇ ਗਾਏ ਹਨ।

ਏ. ਵੈਂਕਟ ਦੇ ਮੇਕਰੇ 'ਚ ਬੰਦ 'ਘਰ ਸੰਸਾਰ' ਦਾ ਸਕੀਰਨਪਲੇ ਗਿਆਨ ਦੇਵ ਅਗਨੀਹੋਤਰੀ ਤੇ ਰਵੀ ਨੇ ਲਿਖਿਆ ਹੈ, ਜਦ ਕਿ ਡਾਇਲਾਗ ਕਾਦਰ ਖਾਨ ਦੇ ਹਨ। ਮਾਸਟਰ ਸ਼ੀਨੂੰ ਦਾ ਨ੍ਰਿਤਯ, ਪੱਪੂ ਵਰਮਾ ਦੀ ਮਾਰਧਾੜ, ਪ੍ਰਕਾਸ਼ ਦਾਵੇ ਦਾ ਸੰਪਾਦਨ ਤੇ ਸੁਰੇਸ਼ ਸਾਂਵਤ ਦੀ ਕਲਾ 'ਘਰ ਸੰਸਾਰ' ਦਾ ਪਰਦੇ ਪਿਛੇ ਦਾ ਕੰਮ ਹੈ। ਕੇਸ਼ਵ ਨੇ ਜਤਿੰਦਰ ਤੇ ਭਾਸਕਰ ਨੇ ਸ੍ਰੀਦੇਵੀ ਦਾ ਮੇਕਅਪ 'ਘਰ ਸੰਸਾਰ' ਲਈ ਕੀਤਾ ਹੈ।

ਅੰਮ੍ਰਿਤ ਪਵਾਰ



ਸ੍ਰੀ ਦੇਵੀ ਤੇ ਜਤਿੰਦਰ ਫ਼ਿਲਮ 'ਘਰ ਸੰਸਾਰ' ਦੇ ਇਕ ਦ੍ਰਿਸ਼ 'ਚ

## ਦੋ ਗ਼ਜ਼ਲਾਂ

### ਕਸ਼ਮੀਰਾ ਸਿੰਘ 'ਚਮਨ'

ਆਖ ਦੇਣਾ ਯਾਰ ਮੇਰੇ ਨੂੰ ਹਵਾ ਦਿਆ ਬੁੱਲਿਆ।
ਯਾਰ ਤੇਰਾ, ਯਾਦ ਤੇਰੀ ਨੂੰ ਕਦੀ ਨਹੀਂ ਭੁੱਲਿਆ।

ਕਹਿ ਦੇਈਂ ਉਹ ਕੱਢ ਦੇਵੇ ਚੋਭ ਦਿਲ 'ਚੋਂ ਗਿਲੇ ਦੀ,
ਮੇਰੇ ਵੀ ਹਰ ਰੋਮ ਅੰਦਰ ਵਿਸ਼ ਹਿਜਰ ਦਾ ਘੁਲਿਆ।

ਵਤਨ ਤੋਂ ਹਾਂ ਦੂਰ ਤੇ ਮਜਬੂਰੀਆਂ ਨੇ ਮਾਰਿਆ,
ਵੇਖਣਾ ਚਾਹੁੰਦਾ ਹਾਂ ਮੈਂ ਦਰ ਦੀਦ ਦਾ ਨਿੱਤ ਖੁਲਿਆ।

ਕੌਣ ਜਾਣੇ ਦਿਲਾਂ ਦੀ ਤੇ ਕਦਰ ਕਿਸ ਨੂੰ ਪਿਆਰ ਦੀ,
ਕੌਣ ਪੂੰਝੇ ਅੱਥਰੂ ਜੋ ਅੱਖ 'ਚੋਂ ਹੈ ਡੁੱਲ੍ਹਿਆ।

ਨਹੀਂ ਚੁਗਿਆ ਜਾਏਗਾ ਮੋਤੀ ਅਮੁੱਲਾ ਯਾਰ ਵੇ,
ਇਕ ਇਕ ਹੰਝੂ ਅਸਾਡਾ ਧੂੜ ਦੇ ਵਿਚ ਰੁਲਿਆ।

ਚਮਨ ਤੇਰੇ ਨੂੰ ਸਨਮ ਵੀਰਾਨੀਆਂ ਨੇ ਮਾਰਿਆ,
ਹਿਜਰ ਦਾ ਝੱਖੜ ਜਦੋਂ ਦਾ ਇਸ 'ਚਮਨ' ਤੇ ਝੁੱਲਿਆ।

2.

ਬੰਦਿਆ ਇਨਸਾਨ ਦਾ ਹੁਣ ਖੂਨ ਪੀਣਾ ਛੱਡ ਦੇ।
ਕਿਸ ਲਈ ਤੂੰ ਕਰ ਰਿਹੈਂ, ਧੰਦਾ ਕਮੀਣਾ ਛੱਡ ਦੇ।

ਲੋਭ ਠੱਗੀਆਂ ਪਾਪ ਕਰਦੈ ਕਿਸ ਲਈ ਕੁਝ ਸੋਚ ਤਾਂ,
ਬਣ ਜਾਏ ਨਾਸੂਰ ਜੋ ਉਹ ਜ਼ਖਮ ਸੀਣਾ ਛੱਡ ਦੇ।

ਪਸ਼ੂ ਪੰਛੀ ਵੀ ਤਾਂ ਆਪਣਾ ਪੇਟ ਭਰਨਾ ਜਾਣਦੇ,
ਜ਼ਿੰਦਗੀ ਦਾ ਜੀਉਣ ਉਪਕਾਰਾਂ ਤੋਂ ਹੀਣਾ ਛੱਡ ਦੇ।

ਬਣ ਘਨਈਏ ਵਾਂਗ ਸਮਦਰਸੀ ਜਗਤ ਲਈ ਸੋਹਣਿਆ
ਜ਼ਾਲਮਾਨਾ ਤੱਕਣੀ ਦਾ ਢੰਗ ਮੀਣਾ ਛੱਡ ਦੇ।

ਧਰਮ ਨਹੀਂ ਕਹਿੰਦਾ ਕਿ ਕਰ ਨਫਰਤ ਕਿਸੇ ਇਨਸਾਨ ਤੋਂ
ਜ਼ੁਲਮ ਦੀ ਚੱਕੀ 'ਚ ਆਟਾ-ਪਾਪ ਪੀਹਣਾ ਛੱਡ ਦੇ।

ਖੁਦੀ ਨੂੰ ਲੈ ਜਾ ਬੁਲੰਦੀ ਤੇ ਕਿ ਜੱਗ ਸਿਫਤਾਂ ਕਰੇ,
'ਚਮਨ' ਬਣ ਇਨਸਾਨ ਬਦਇਖਲਾਕ ਥੀਣਾ ਛੱਡ ਦੇ।




**BHANDAL DRYWALL LTD.**

**3397 Kingsway, Vancouver, B.C.**

**Ph. 430-5011**



**Vice President**
**Karnail S. Bhandal**

**President**
**Jarnail S. Bhandal** M.A.

# ਮਨੁੱਖੀ ਹੱਕਾਂ ਦੀ ਕਮੇਟੀ ਦੀ ਰੀਪੋਰਟ

## 272 ਤਾਮਿਲ ਮਾਰ ਮੁਕਾ ਦਿਤੇ ਗਏ

ਅਟਵਾ — ਕੌਮਾਂਤਰੀ ਮਨੁੱਖੀ ਹੱਕਾਂ ਦੀ ਗਰੁੱਪ ਐਮਨੈਸਟੀ ਇੰਟਰਨੈਸ਼ਨਲ ਨੇ ਕਿਹਾ ਕਿ ਉਸਨੇ ਸ੍ਰੀ ਲੰਕਾ ਵਿਚ ਇਨਕੁਆਰੀ ਕਰਕੇ ਪਤਾ ਲਾਇਆ ਹੈ ਕਿ 272 ਤਾਮਿਲ ਜੇਵਰਧਨੇ ਦੀ ਸਰਕਾਰ ਨੇ ਖਤਮ ਕਰ ਦਿਤੇ ਹਨ ਮਾਰੇ ਜਾਣ ਵਾਲਿਆਂ ਵਿਚ ਬਹੁਤੇ ਨੌਜਵਾਨ ਤਾਮਿਲ ਸਨ ।

ਕੈਨੇਡਾ ਦੇ ਇਕ ਮਿਸ਼ਨਰੀ ਨੇ ਇਥੇ ਕਿਹਾ ਕਿ ਫੌਜਾਂ ਤਾਮਿਲ ਘੱਟ ਗਿਣਤੀ ਦੇ ਨੌਜਵਾਨਾਂ ਨੂੰ ਫੜ ਕੇ ਲੈ ਜਾਂਦੀਆਂ ਹਨ ਅਤੇ ਬਹੁਤਿਆਂ ਨੂੰ ਕਤਲ ਕਰ ਦਿਤਾ ਜਾਂਦਾ ਹੈ। ਇਸ ਮਿਸ਼ਨਰੀ ਨੂੰ ਸ੍ਰੀ ਲੰਕਾ ਦੀ ਸਰਕਾਰ ਨੇ ਜੇਲ੍ਹ ਵਿਚ ਰੱਖਿਆ ਸੀ ਤੇ ਮੁਕੱਦਮੇ ਵਿਚ ਇਹ ਮਿਸ਼ਨਰੀ ਪਾਲ ਨਲ ਨਾਗਮ ਜਿਤ ਗਿਆ - ਇਸ ਕਾਰਨ ਉਸ ਨੂੰ ਰਿਹਾ ਕਰਨਾ ਪਿਆ। ਉਸਨੇ ਕਿਹਾ ਕਿ ਉਹ ਚਸ਼ਮਦੀਦ ਗਵਾਹ ਹੈ ਜਦੋਂ 23 ਤਾਮਿਲ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਗ੍ਰਿਫਤਾਰੀ ਵਾਲੇ ਦਿਨ ਹੀ ਉਹ ਪੁਲਸ ਨੇ ਗੋਲੀਆਂ ਨਾਲ ਉਡਾ ਦਿਤੇ ।

21 ਦਸੰਬਰ, 1984 ਨੂੰ 102 ਨੌਜਵਾਨ ਗ੍ਰਿਫਤਾਰ ਕੀਤੇ ਗਏ ਜਿਨ੍ਹਾਂ ਦੀ ਲਿਸਟ ਐਮਨੈਸਟੀ ਇੰਟਰਨੈਸ਼ਨਲ ਕੋਲ ਹੈ । ਉਹ ਸਾਰੇ ਲਾਪਤਾ ਹਨ ।

ਐਮਨੈਸਟੀ ਇੰਟਰਨੈਸ਼ਨਲ ਨੇ ਕਿਹਾ ਕਿ 272 ਕੇਸਾਂ ਦਾ ਪਤਾ ਲਾ ਚੁਕੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਗਿਣਤੀ ਕੁਝ ਵੀ ਨਹੀਂ — ਇਸ ਤੋਂ ਕਿਤੇ ਵਧੇਰੇ ਤਾਮਿਲ ਨੌਜਵਾਨ ਗੁੰਮ ਹਨ ਜਿਨ੍ਹਾਂ ਦਾ ਕੋਈ ਪਤਾ ਨਹੀਂ ਲੱਗ ਰਿਹਾ ਕਿ ਉਹ ਮਾਰ ਦਿਤੇ ਗਏ ਹਨ ਜਾਂ ਜੇਲ੍ਹਾਂ ਵਿਚ ਬੰਦ ਹਨ ।

ਐਮਨੈਸਟੀ ਇੰਟਰਨੈਸ਼ਨਲ ਨੇ ਇਹ ਵੀ ਕਿਹਾ ਕਿ ਜੋ ਗ੍ਰਿਫਤਾਰ ਕੀਤੇ ਜਾਂਦੇ ਹਨ ਉਨ੍ਹਾਂ 'ਤੇ ਬੇਪਨਾਹ ਜ਼ੁਲਮ ਤੇ ਤਸ਼ੱਦਦ ਕੀਤਾ ਜਾਂਦਾ ਹੈ। ਕਈਆਂ ਨੂੰ ਪੁੱਠੇ ਲਟਕਾਇਆ ਜਾਂਦਾ ਹੈ । ਕਈਆਂ ਦੇ ਲਿੰਗ ਕੱਟ ਦਿਤੇ ਜਾਂਦੇ ਹਨ । ਕਈਆਂ ਨੂੰ ਬਿਜਲੀ ਲਾਈ ਜਾਂਦੀ ਹੈ ਅਤੇ ਕਈਆਂ ਦੇ ਸਰੀਰਾਂ ਵਿਚ ਗਰਮ ਸਲਾਖਾਂ ਦਿਤੀਆਂ ਜਾਦੀਆਂ ਹਨ । ਐਮਨੈਸਟੀ ਇੰਟਰਨੈਸ਼ਨਲ ਨੇ ਅਜਿਹੇ ਸਿਕੇਬੰਦ ਬਿਆਨ ਲਏ ਹਨ ਜੋ ਸਾਬਤ ਕਰਦੇ ਹਨ ਕਿ ਸ੍ਰੀ ਲੰਕਾ ਸਰਕਾਰ ਤਸ਼ੱਦਦ ਢਾਹ ਰਹੀ ਹੈ ।

ਸਪੈਸ਼ਲ ਟਾਸਕ ਫੋਰਸ ਅਜਿਹੇ ਫੌਜੀਆਂ ਦੀ ਬਣਾਈ ਗਈ ਹੈ ਜੋ ਜ਼ੁਲਮ ਕਰਨ ਵਿਚ ਬੇਫਿਕਰ ਹਨ ।

ਐਮਨੈਸਟੀ ਇੰਟਰਨੈਸ਼ਨਲ ਨੇ ਕਿਹਾ ਹੈ ਕਿ ਸ੍ਰੀ ਲੰਕਾ ਦੀ ਸਰਕਾਰ ਸਰਾਸਰ ਝੂਠ ਬੋਲ ਰਹੀ ਹੈ। ਉਨ੍ਹਾਂ ਕਿਹਾ ਕਿ ਯੂ. ਐਨ. ਓ. ਵਲੋਂ ਲਿਖੇ ਗਏ 184 ਕੇਸਾਂ ਵਿਚੋਂ ਸ੍ਰੀ ਲੰਕਾ ਦੀ ਸਰਕਾਰ ਨੇ ਨੌਂ ਕੇਸਾਂ ਦਾ ਜਵਾਬ ਦਿਤਾ ਤੇ ਬਾਕੀਆਂ ਬਾਰੇ ਚੁੱਪ ਹੈ ।

ਐਮਨੈਸਟੀ ਇੰਟਰਨੈਸ਼ਨਲ ਨੇ ਕਿਹਾ ਹੈ ਕਿ ਸ੍ਰੀ ਲੰਕਾ ਦੀ ਸਰਕਾਰ ਨੇ ਲੋਕਾਂ ਤੇ ਪ੍ਰੈਸ ਉੱਤੇ ਸਖਤ ਪਾਬੰਦੀਆਂ ਲਾ ਰੱਖੀਆਂ ਹਨ ।

ਆਪਣੇ ਵਪਾਰ ਵਿਚ ਵਾਧਾ ਕਰਨ
ਲਈ ਇਕੋ ਇਕ ਨਾਂ ਯਾਦ ਰੱਖੋ
'ਕੈਨੇਡਾ ਦਰਪਣ'
ਫੋਨ : 581-4473

ਕੈਨੇਡਾ ਦਰਪਣ ਦੇ ਪਾਠਕਾਂ ਅਤੇ ਵਪਾਰੀ ਵੀਰਾਂ ਲਈ
'ਕੈਨੇਡਾ ਦਰਪਣ' ਦੇ ਦਫ਼ਤਰ ਦਾ ਸਮਾਂ :
ਸੋਮਵਾਰ ਤੋਂ ਸ਼ੁਕਰਵਾਰ — 10 ਵਜੇ ਤੋਂ 5 ਵਜੇ ਸ਼ਾਮ
ਫੋਨ : 581-4473

## Matrimonial

Suitable match for Jat Sikh Gill boy 26 years MSC. in Electrical and Electronic Engineering. Parents well settled in U.K.

contact :
Vir Singh Gill
10 Kingsley Ave.
Hounslow East, U.K.
Phone 011—441—577—0184
Or
P.S. Cheema
Toronto - Ph. [416] 678-0258

## Matrimonial

Beautiful match for a very handsome Boparai Jat Sikh boy aged 25 years, 6' tall. Has shifted from Central Africa Belonging to a very reputed family. The boy is on a visit here. Well qualified.

Write :
D.G. (203)
C/o The Canada Darpan
P.O.BOX 265
Surrey, B.C. V3T 4W8

## ਮੈਟਰੀਮੋਨੀਅਲ

ਜੱਟ ਸਿੱਖ ਗਰੇਵਾਲ ਪ੍ਰਵਾਰ ਦੇ ਲੜਕੇ ਲਈ ਇਕ ਖੂਬਸੂਰਤ ਲੜਕੀ ਦੀ ਲੋੜ ਹੈ । ਲੜਕੇ ਦੀ ਉਮਰ 21 ਸਾਲ, ਕੱਦ ਪੰਜ ਫੁੱਟ ਦਸ ਇੰਚ ਹੈ । ਸਟੇਟ ਯੂਨੀਵਰਸਿਟੀ ਵਿਚ ਅਕਾਊਂਟਿੰਗ ਦਾ ਕੋਰਸ ਕਰ ਰਿਹਾ ਹੈ । ਅਮਰੀਕਾ ਵਿਚ ਪੱਕੇ ਤੌਰ ਤੇ ਰਹਿ ਰਿਹਾ ਹੈ । ਖਤ ਪੱਤਰ ਇਸ ਪਤੇ ਤੇ ਕਰੋ :—

Mr. S. Singh
P.O.BOX 1292
Marysville, CAL. 95901
U.S.A

## ਮੈਟਰੀਮੋਨੀਅਲ

ਇਕ 24 ਸਾਲ ਦੇ ਜੱਟ ਸਿੱਖ ਲੜਕੇ ਲਈ ਖੂਬਸੂਰਤ ਲੜਕੀ ਦੀ ਲੋੜ ਹੈ। ਲੜਕੇ ਕੋਲ ਆਪਣਾ ਨਵਾਂ ਘਰ ਹੈ ਤੇ ਸਰਕਾਰੀ ਪੱਕੀ ਨੌਕਰੀ ਤੇ ਲੱਗਾ ਹੋਇਆ ਹੈ । ਕੈਨੇਡਾ ਦਾ ਗਰੈਜੂਏਟ ਹੈ ਤੇ ਸਿਟੀਜ਼ਨ ਹੈ । ਕੈਨੇਡਾ ਵਿਚ ਪੜ੍ਹੀ ਲਿਖੀ ਲੜਕੀ ਨੂੰ ਤਰਜੀਹ ਦਿੱਤੀ ਜਾਵੇਗੀ ਪਰ ਇੰਡੀਆ ਤੋਂ ਵੀ ਲੜਕੀ ਮੰਗਵਾਈ ਜਾ ਸਕਦੀ ਹੈ। ਸਾਰਾ ਪ੍ਰਵਾਰ ਕੈਨੇਡਾ ਵਿਚ ਪੂਰੀ ਤਰ੍ਹਾਂ ਸੈਟ ਹੈ। ਲੜਕੀ ਦੀ ਫ਼ੋਟੋ ਤੇ ਹੋਰ ਜਾਣਕਾਰੀ ਇਸ ਪਤੇ ਉਤੇ ਭੇਜੋ :

M.S.N. (103)
C/o The Canada Darpan
P.O.BOX 265
Surrey, B.C. V3T 4W8


# AIR-INDIA ANNOUNCES 3 WAYS TO FLY AIR-INDIA TO INDIA. AND LOTS OF REASONS WHY.

From Canada, it's simple to fly your airline to India.
1. Fly to New York and connect with Air-India for our 8:15 nightly departure for Delhi or Bombay.
2. Fly to London and connect with Air-India there.
3. Fly to Frankfurt and connect with Air-India there.
You'll want to fly Air-India to India because no other airline treats you with such warmth and understanding. Because no other airline provides you with both continental and authentic Indian foods, the latest Indian and western movies and music. Because no other Airline speaks your own language.
So fly Air-India from Canada to India connecting in either New York or London or Frankfurt. See your travel agent or contact our GSA Chalais Holdings and make your reservations now.



Book early to ensure all your reservations are confirmed and to have a comfortable and enjoyable flight home on your own air line.

एअर-इंडिया
AIR-INDIA
WE'RE YOUR AIRLINE
Montreal: 842-1805 / 1-800-361-2813
Toronto: 865-1033 / 1-800-268-9582
Vancouver: 879-0271 / 1-800 663-3433

## ਸਰੀ ਵਿਚ ਤੁਹਾਡੀ ਕਮਿਊਨਿਟੀ ਦਾ ਸਭ ਤੋਂ ਮਸ਼ਹੂਰ ਸਟੋਰ

### ਗਿੱਲ-ਫੋਰਡ-ਫਰਨੀਚਰ




ਧੂਆਂ ਕੱਢ ਸੇਲ ਵਿਚ ਬੀ. ਸੀ. ਦੇ ਕੋਨੇ ਕੋਨੇ ਤੋਂ ਚੱਲ ਕੇ ਆਓ!

## ਲਓ ਜੀ! ਸ਼ੁਰੂ ਹੋ ਗਈ ਗਿਲਫੋਰਡ ਫਰਨੀਚਰ ਦੀ ਨਵੀਂ

# ਧੂਆਂ ਕੱਢ ਸੇਲ!

ਜੋ ਕਿ ਸਤੰਬਰ ਦੇ ਅਖੀਰ ਤੱਕ ਚੱਲੇਗੀ, ਜਿਸ ਵਿਚ ਹਰ ਇਕ ਤਰ੍ਹਾਂ ਦੇ ਫਰਨੀਚਰ ਦੀਆਂ ਕੀਮਤਾਂ ਵਾਲਾ ਧੂੰਆਂ ਕੱਢ ਕੇ ਬੀ. ਸੀ. ਦੇ ਕੋਨੇ ਕੋਨੇ ਵਿਚ ਡਲਿਵਰ ਕਰ ਦਿਤਾ ਜਾਵੇਗਾ




ਧੂਆਂ ਕੱਢ ਸੇਲ ਵਿਚ ਸਿਲੀ ਦੇ ਮੈਟਰੈਸਾਂ ਦੀਆਂ ਗੱਡੀਆਂ ਲੱਦ ਕੇ ਪਹੁੰਚ ਗਈਆਂ ਹਨ - ਹਰ ਇਕ ਤਰ੍ਹਾਂ ਦੇ ਫਰਨੀਚਰ ਦੇ ਨਾਲ ਨਾਲ ਸਿਲੀ ਦੇ ਮੈਟਰੈਸਾਂ ਦੀਆਂ ਕੀਮਤਾਂ ਵਾਲਾ ਧੂੰਆਂ ਕੱਢ ਦਿਤਾ ਜਾਵੇਗਾ।

Just Say CHARGE IT On My GILLFORD FURNITUREMART Credit Card Apply For Yours Today!

"Better Quality Furnishings at Discount Prices"

# GILL-FORD FURNITUREMART

FINANCING AVAILABLE O.A.C.

MasterCard VISA

13442-108th Avenue, Surrey

HOURS: Mon.-Fri. 10-9; Sat. 10-6
Sunday & Holidays 10-6

**588-4461**